
Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਅਕਤੂਬਰ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਗੁਰੂ ਲਾਧੋ ਰੇ ਦਿਵਸ 20-10-2024 ਦਿਨ ਐਤਵਾਰ ਨੂੰ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ।




ਗੁਰੂ ਲਾਧੋ ਰੇ ਗੁਰੂ ਲਾਧੋ ਰੇ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ...

# "ਗੁਰੂ ਲਾਧੋ ਰੇ"



ਬਾਬਾ ਮੱਖਣ ਸ਼ਾਹ ਲੁਬਾਣਾ ਜੀ ਗੁਰੂ ਘਰ ਦੇ ਅਨਿਨ ਸੇਵਕ ਅਤੇ ਸੱਚੇ ਸ਼ਰਧਾਲੂ ਸਨ। ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਵਿਖੇ ਪ੍ਰਗਟ ਕਰਨ ਦੀ ਸੇਵਾ ਦਾ ਮਾਣ ਬਾਬਾ ਮੱਖਣ ਸ਼ਾਹ ਜੀ ਨੂੰ ਮਿਲਿਆ। ਬਾਬਾ ਮੱਖਣ ਸ਼ਾਹ ਜੀ ਮੁੱਖ ਤੌਰ 'ਤੇ ਨਮਕ, ਮਸਾਲੇ, ਬੰਗਾਲੀ ਸਿਲਕ ਅਤੇ ਕਸ਼ਮੀਰੀ ਸ਼ਾਲ ਆਦਿ ਦਾ ਵਪਾਰ ਕਰਦੇ ਸਨ। 17ਵੀਂ ਸਦੀ ਦੇ ਦੂਸਰੇ ਅੱਧ ਵਿਚ ਸਭ ਤੋਂ ਵੱਡੇ ਸਿੱਖ ਵਪਾਰੀ ਮੱਖਣ ਸ਼ਾਹ ਲੁਬਾਣਾ ਅਤੇ ਲੱਖੀ ਸ਼ਾਹ ਵਣਜਾਰਾ ਸਨ। ਆਪ ਜੀ ਨੂੰ ਸੰਸਕ੍ਰਿਤ, ਪ੍ਰਸ਼ੀਅਨ, ਲੁਬਾਣਕੀ ਅਤੇ ਅਰੇਬਿਕ ਭਾਸ਼ਾਵਾਂ ਦਾ ਗਿਆਨ ਸੀ। ਬਾਬਾ ਮੱਖਣ ਸ਼ਾਹ ਜੀ ਲੁਬਾਣਾ ਗੁਰੂ ਘਰ ਦੇ ਸੇਵਕ ਵਜੋਂ ਗੁਰੂ ਜੀ ਦੇ ਓਟ ਆਸਰੇ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਮਨੋ ਨਮਸਤਿਕ ਹੋ ਕੇ ਵਪਾਰਕ ਸਫ਼ਰ ਤੇ ਨਿਕਲਦੇ ਸਨ। ਇੱਕ ਵਾਰ ਜਦੋਂ ਮਾਲ ਸਬਾਬ ਵੇਚ ਅਤੇ ਖਰੀਦ ਕੇ ਵਾਪਿਸ ਆ ਰਹੇ ਸਨ ਤਾਂ ਉਹਨਾਂ ਦਾ ਬੇੜਾ ਇੱਕ ਬਰੇਤੇ ਵਿਚ ਫਸ ਗਿਆ, ਜਦੋਂ ਚਾਰਾ ਜੋਈ ਕੋਈ ਕੰਮ ਨਾ ਆਈ ਤਾਂ ਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਗੁਰੂ ਜੀ ਕ੍ਰਿਪਾ ਕਰੋ ਤਾਂ ਜੋ ਬੇੜਾ ਪਾਰ ਹੋ ਜਾਵੇ ਤਾਂ ਮੈਂ 500 ਮੋਹਰਾਂ ਗੁਰੂ ਚਰਨਾਂ ਵਿਚ ਭੇਂਟ ਕਰਾਂਗਾ, ਗੁਰੂ ਮਿਹਰ ਹੋਈ ਅਤੇ ਬੇੜਾ ਪਾਰ ਹੋ ਗਿਆ। ਸ਼ੁਕਰਾਨਾ ਕਰਨ ਲਈ ਆਪਣੇ ਕਾਫ਼ਲੇ ਸਮੇਤ ਆਪਣੀ ਸੂਚਨਾ ਮੁਤਾਬਿਕ ਗੁਰੂ ਦਰਸ਼ਨ ਲਈ ਦਿੱਲੀ ਨੂੰ ਚੱਲ ਪਏ। ਦਿੱਲੀ ਪਹੁੰਚ ਕੇ ਡੇਰਾ ਲਾਉਣ ਉਪਰੰਤ ਗੁਰੂ ਸਾਹਿਬ ਬਾਰੇ ਪਤਾ ਚੱਲਿਆ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ ਹਨ ਅਤੇ ਫਰਮਾਨ ਕਰ ਗਏ ਹਨ "ਅਗਲੇ ਗੁਰੂ ਬਾਬਾ ਬਕਾਲੇ"। ਇਹ ਜਾਣਕਾਰੀ ਮਿਲਣ ਤੋਂ ਬਾਅਦ ਬਾਬਾ ਮੱਖਣ ਸ਼ਾਹ ਜੀ ਆਪਣੇ ਸਾਥੀਆਂ ਸਮੇਤ ਬਕਾਲੇ ਵੱਲ ਨੂੰ ਚੱਲ ਪਏ। ਬਕਾਲੇ ਪਹੁੰਚ ਕੇ ਪਤਾ ਚੱਲਿਆ ਕਿ ਇਥੇ 22 ਸਾਧ ਗੁਰੂ ਬਣੇ ਬੈਠੇ ਹਨ। ਬਾਬਾ ਜੀ ਨੇ ਵਿਉਂਤ ਨਾਲ ਸਾਰੇ ਬੈਠੇ ਸਾਧਾਂ ਨੂੰ ਪਰਖਣ ਲਈ 5-5 ਮੋਹਰਾਂ ਹਰੇਕ ਅੱਗੇ ਰੱਖ ਕੇ ਮੱਥਾ ਟੇਕਿਆ ਅਤੇ ਸਾਰੇ ਹੀ ਸਾਧਾਂ ਨੇ ਭੇਟਾ ਮੰਨਜ਼ੂਰ ਕੀਤੀ ਅਤੇ ਆਪਣੇ ਸੁਭਾਅ ਮੁਤਾਬਿਕ ਆਸ਼ੀਰਵਾਦ ਦਿੱਤਾ।

ਬਾਬਾ ਮੱਖਣ ਸ਼ਾਹ ਜੀ ਨੂੰ ਚਿੰਤਾ ਹੋਈ ਕਿ ਮੇਰੀ ਅਰਦਾਸ ਸੁਣਨ ਵਾਲੇ ਅਸਲੀ ਗੁਰੂ ਇਹਨਾਂ ਵਿਚ ਕੋਈ ਵੀ ਨਹੀਂ। ਪਿੰਡ ਵਾਲਿਆਂ ਦੇ ਪੁੱਛਣ ਤੋਂ ਬਾਅਦ ਪਤਾ ਚੱਲਿਆ ਕਿ ਗੁਰੂ ਪਰਿਵਾਰ ਵਿੱਚੋਂ ਇਕ ਹੋਰ ਹੈ ਜਿਸ ਦਾ ਨਾਮ 'ਤੇਗਾ' ਹੈ, ਜੋ ਸਾਰਾ ਸਮਾਂ ਭੋਰੇ ਵਿੱਚ ਭਗਤੀ ਕਰਦੇ ਹਨ ਅਤੇ ਕਿਸੇ ਨੂੰ ਮਿਲਦੇ ਨਹੀਂ।

ਮੱਖਣ ਸ਼ਾਹ ਜੀ ਹਿੰਮਤ ਕਰਕੇ ਤੇਗਾ ਜੀ ਦੇ ਘਰ ਪਹੁੰਚ ਕੇ ਬੇਬੇ ਨਾਨਕੀ ਨਾਲ ਵਾਰਤਾਲਾਪ ਕਰਨ ਅਤੇ ਇਜਾਜ਼ਤ ਮਿਲਣ ਤੋਂ ਬਾਅਦ 5 ਮੋਹਰਾਂ ਬਾਬਾ ਤੇਗਾ ਜੀ ਦੇ ਸਾਹਮਣੇ ਵੀ ਰੱਖ ਦਿੰਦੇ ਹਨ। ਸ਼ਾਂਤੀ ਦੇ ਪੁੰਜ ਗੁਰੂ ਤੇਗ ਬਹਾਦਰ ਜੀ ਮੁਸਕਰਾ ਕੇ ਬੋਲੇ ਸਿੱਖਾ ਅਰਦਾਸ ਤਾਂ 500 ਮੋਹਰਾਂ ਦੀ ਕੀਤੀ ਸੀ, ਰੱਖ 5 ਮੋਹਰਾਂ ਰਿਹਾ ਹੈ। ਇਹ ਸੁਣ ਕੇ ਮੱਖਣ ਸ਼ਾਹ ਜੀ ਗੱਦ-ਗੱਦ ਹੋ ਜਾਂਦੇ ਹਨ ਅਤੇ ਕੋਠੇ ਚੜ੍ਹ ਕੇ ਰੌਲਾ ਪਾ ਦੇਂਦੇ ਹਨ "ਗੁਰੂ ਲਾਧੋ ਰੇ!! ਸਾਚਾ ਗੁਰੂ ਲਾਧੋ ਰੇ!!" ਇਸ ਤਰ੍ਹਾਂ ਗੁਰੂ ਕ੍ਰਿਪਾ ਨਾਲ ਇਹ ਮਾਣ ਬਾਬਾ ਮੱਖਣ ਸ਼ਾਹ ਜੀ ਨੂੰ ਮਿਲਿਆ।

ਪਰ ਵਿਚਾਰਨ ਦੀ ਗੱਲ ਇਹ ਵੀ ਹੈ ਕਿ ਅੰਮ੍ਰਿਤਸਰ ਨੂੰ ਛੱਡ ਕੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਕੀਰਤਪੁਰ ਵਿਚ ਡੇਰਾ ਲਾਉਣ ਤੋਂ ਬਾਅਦ ਕੋਈ ਲੜਾਈ-ਝੜਾਈ ਨਹੀਂ ਵਾਪਰੀ। ਪਰ 22 ਮੰਜੀਆਂ ਜ਼ਰੂਰ ਮੂੰਹ ਜ਼ੋਰ ਤੇ ਲਾਲਚੀ ਹੁੰਦੀਆਂ ਗਈਆਂ। ਗੁਰੂ ਹਰਿਰਾਏ ਸਾਹਿਬ ਜੀ ਵੀ ਕੀਰਤਪੁਰ ਸਾਹਿਬ ਰਹੇ ਤੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਗੁਰੂ ਗੱਦੀ ਤੋਂ ਬਾਅਦ ਰਾਮ ਰਾਏ ਦੇ ਕਾਰਨਾਮਿਆਂ ਨੂੰ ਸੁਲਝਾਉਣ ਲਈ ਅਤੇ ਦਿੱਲੀ ਦੀ ਸੰਗਤ ਨੂੰ ਦਰਸ਼ਨ ਦੇਣ ਲਈ ਦਿੱਲੀ ਗਏ, ਉਥੇ ਹੀ ਜੋਤੀ ਜੋਤ ਸਮਾ ਗਏ। ਇਸ ਲਈ 22 ਮੰਜੀਆਂ ਨੇ ਗੁਰੂ ਗੱਦੀ ਤੇ ਕਬਜ਼ਾ ਕਰਨ ਲਈ ਜੋ ਪਾਖੰਡ ਲਾਲਸਾ ਵਿਖਾਈ ਉਸ ਨੂੰ ਰਾਹ ਤੇ ਲਿਆਉਣ ਲਈ ਗੁਰੂ ਘਰ ਦੇ ਸੇਵਕ ਬਾਬਾ ਮੱਖਣ ਸ਼ਾਹ ਹੀ ਸਮਰੱਥ ਸਨ। ਇਸੇ ਲਈ ਉਹ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਦੀ ਬਖਸ਼ਸ਼ ਤੋਂ ਬਾਅਦ ਉਹਨਾਂ ਨਾਲ ਹਰਿਮੰਦਰ ਸਾਹਿਬ, ਕੀਰਤਪੁਰ ਵੀ ਗਏ ਅਤੇ ਆਨੰਦਪੁਰ ਸਾਹਿਬ ਜੀ ਦੀ ਜ਼ਮੀਨ ਖਰੀਦਣ ਤੱਕ ਉਹਨਾਂ ਦੇ ਨਾਲ ਰਹੇ। ਗੁਰੂ ਤੇਗ ਬਹਾਦਰ ਜੀ ਦੇ ਆਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਬਾਅਦ ਉਹਨਾਂ ਤੋਂ ਇਜਾਜ਼ਤ ਲੈ ਕੇ ਉਹ ਤੇ ਉਹਨਾਂ ਦੇ ਵਪਾਰਿਕ ਸਾਥੀ ਕਿਥੇ ਗਏ ਇਸ ਬਾਰੇ ਕਿਸੇ ਨੂੰ ਪੁਖਤਾ ਜਾਣਕਾਰੀ ਨਹੀਂ। ਇਸ ਵਿਸ਼ੇ 'ਤੇ ਇਤਿਹਾਸਕ ਘੋਖ ਅਤੇ ਜਾਣਕਾਰੀ ਪ੍ਰਾਪਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਸਹੀ ਸੇਧ ਮਿਲ ਸਕੇ।

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ


**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
**e-mail:lobanafoundation@gmail.com**
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥**

**ਕੱਤਕ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 17-10-2024 (ਵੀਰਵਾਰ)**
**ਸੰਗਰਾਂਦ - 17-10-2024 (ਵੀਰਵਾਰ)**
**ਮੱਸਿਆ - 02-10-2024 (ਬੁੱਧਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 136 | ਅਕਤੂਬਰ - 2024



| | | |
|---|---|---|
| 1. | ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ | 4 |
| 2. | ਸਿੱਖੀ ਦਾ ਧਰੂ-ਤਾਰਾ - ਬਾਬਾ ਮੱਖਣ ਸ਼ਾਹ ਲੁਬਾਣਾ | 6 |
| 3. | ਬਾਬਾ ਬੁੱਢਾ ਜੀ ਜਨਮ ਦਿਵਸ 'ਤੇ ਵਿਸ਼ੇਸ਼ | 9 |
| 4. | ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 11 |
| 5. | ਜੀਵਨ ਵਿਕਾਸ - ਇਕ ਸੰਘਰਸ਼ | 13 |
| 6. | ਲੁਬਾਣਿਆਂ ਦੀਆਂ ਗੋਤਾਂ ਅਤੇ ਅੱਲਾਂ | 15 |
| 7. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 18 |
| 8. | ਗੁਰ ਸਾਗਰ ਦੇ ਸੁੱਚੇ ਮੋਤੀ | 20 |
| 9. | ਨਾਟਕ ਹੀ ਨਾਟਕ | 21 |
| 10. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸੁਸਾਇਟੀ ਜਲੰਧਰ, ਫੋਰਮ ਅੰਮ੍ਰਿਤਸਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬੀਬੀ ਜਗੀਰ ਕੌਰ ਜੀ ਨੂੰ ਭੇਜੇ ਗਏ ਨੋਟਿਸ ਸੰਬੰਧੀ ਦਿੱਤਾ ਗਿਆ ਮੰਗ ਪੱਤਰ | 23 |
| 11. | ਖ਼ੁਦਕੁਸ਼ੀ : ਭਾਰਤ 'ਚ ਫੈਲੀ ਮਹਾਂਮਾਰੀ | 25 |
| 12. | ਸ਼ੋਕ ਸਮਾਚਾਰ | 27 |
| 13. | ਸ਼ਰਧਾਂਜ਼ਲੀ | 28 |
| 14. | ਸਿਹਤ ਸੰਭਾਲ | 29 |
| 15. | ਕਾਵਿ-ਕਿਆਰੀ | 31 |
| 16. | ਦੁੱਖ ਅਤੇ ਸੁੱਖ ਜ਼ਿੰਦਗੀ ਦਾ ਇੱਕ ਹਿੱਸਾ | 32 |
| 17. | Baba Makhan Shah Lobana GLITTERING JEWEL OF SRI GURU TEGH BAHADUR'S DARBAR | 33 |
| 18. | The Earth | 37 |
| 19. | Matrimonial | 38 |
| 20. | ਦਾਨੀ ਸੱਜਣਾਂ ਦੀ ਸੂਚੀ | 40 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

*19 ਅਕਤੂਬਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼*

# ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ



ਸਿੱਖ ਧਰਮ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦ ਗੁਣਾਂ ਨਾਲ ਭਰਪੂਰ ਹੈ। ਆਪ ਦਾ ਜੀਵਨ ਸਾਧਾਰਨ ਪਰਿਵਾਰ ਤੋਂ ਆਰੰਭ ਹੋਇਆ ਅਤੇ ਆਪ ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਕਰਕੇ ਗੁਰਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਿਤ ਕਰਨ ਲਈ ਅਨੇਕਾਂ ਕਾਰਜ ਕੀਤੇ। ਇਸ ਸਿੱਖੀ ਦੇ ਬੂਟੇ ਦੀ ਜੜ੍ਹ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲਾਈ ਸੀ ਅਤੇ ਇਸ ਬੂਟੇ ਦੀ ਪ੍ਰਫੁੱਲਤਾ ਤੇ ਸਾਂਭ ਸੰਭਾਲ ਲਈ ਅੱਗੋਂ ਦਿਸ਼ਾ ਵੀ ਜੀਵਨ ਕਾਲ 'ਚ ਹੀ ਤੈਅ ਕਰ ਗਏ ਸਨ। ਇਸ ਤਰ੍ਹਾਂ ਸਿੱਖੀ ਜੀਵਨ ਜਾਚ ਸਿਖਾਉਣ, ਅੱਗੋਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਕਾਰਜ ਲਈ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਫਿਰ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ। ਸ੍ਰੀ ਗੁਰੂ ਰਾਮਦਾਸ ਜੀ ਨੇ ਚੌਥੇ ਗੁਰੂ ਦੇ ਰੂਪ ਵਿਚ ਗੁਰੂ-ਜੋਤ ਨੂੰ ਧਾਰਨ ਕੀਤਾ ਅਤੇ ਲੋਕਾਈ ਨੂੰ ਆਤਮਿਕ, ਧਾਰਮਿਕ ਅਤੇ ਸਮਾਜਿਕ ਤੌਰ 'ਤੇ ਰੌਸ਼ਨ ਕੀਤਾ, ਭਾਵ ਜੀਵਨ ਦੇ ਹਰ ਪੱਖ ਨੂੰ ਸਾਰਥਿਕ ਬਣਾਉਣ ਲਈ ਜੁਗਤਿ ਸਮਝਾਈ। ਗੁਰੂ ਸਾਹਿਬ ਜੀ ਦੀ ਵਡਿਆਈ ਨੂੰ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਪਾਵਨ ਗੁਰਬਾਣੀ ਅੰਦਰ ਬਿਆਨ ਕੀਤਾ ਹੈ।


**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਊਂਡੇਸ਼ਨ ਚੰਡੀਗੜ੍ਹ**
**98155-40240**




ਸ੍ਰੀ ਗੁਰੂ ਰਾਮਦਾਸ ਜੀ ਸੰਨ 1534 ਵਿਚ ਪਿਤਾ ਸ੍ਰੀ ਹਰਿਦਾਸ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਆਪ ਜੀ ਦੀ ਉਮਰ ਅਜੇ 2 ਸਾਲ ਹੀ ਸੀ ਕਿ ਆਪ ਜੀ ਦੀ ਮਾਤਾ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਆਪ ਜੀ ਦੇ ਪਿਤਾ ਨੇ ਬੜੇ ਪਿਆਰ ਨਾਲ ਇਨ੍ਹਾਂ ਦੀ ਪਾਲਣਾ ਕੀਤੀ। ਆਪ ਜੀ ਦੀ ਉਮਰ ਅਜੇ 7 ਸਾਲ ਹੀ ਹੋਈ ਸੀ ਕਿ ਪਿਤਾ ਜੀ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸਮੇਂ ਦੀ ਪਰੰਪਰਾ ਅਨੁਸਾਰ ਵੱਡੇ ਪੁੱਤਰ ਨੂੰ 'ਜੇਠਾ' ਕਿਹਾ ਜਾਂਦਾ ਸੀ, ਜਿਸ ਕਰਕੇ ਪ੍ਰਾਰੰਭਕ ਰੂਪ ਵਿਚ ਆਪ ਜੀ 'ਭਾਈ ਜੇਠਾ ਜੀ' ਦੇ ਨਾਂਅ ਨਾਲ ਜਾਣੇ ਜਾਂਦੇ ਰਹੇ। ਛੋਟੀ ਉਮਰ ਵਿਚ ਹੀ ਆਪ ਜੀ ਦੇ ਮਾਤਾ-ਪਿਤਾ ਦਾ ਸਿਰ ਤੋਂ ਸਾਇਆ ਉੱਠਣ ਕਰਕੇ ਪਰਿਵਾਰਕ ਨਿਰਬਾਹ ਲਈ ਆਪ ਨੂੰ ਘੁੰਗਣੀਆਂ ਵੇਚਣੀਆਂ ਪਈਆਂ। ਇਤਿਹਾਸ ਅਨੁਸਾਰ ਆਪ ਜੀ ਦੇ ਨਾਨੀ ਆਪ ਨੂੰ ਬਾਸਰਕੇ ਲੈ ਆਏ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਨੇ ਲੋਕ-ਲਾਜ ਦੀ ਪ੍ਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤੱਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ। ਸੰਖੇਪ ਵਿਚ ਵਾਕਿਆਤ ਇਸ ਤਰ੍ਹਾਂ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਰਹਿਨੁਮਾਈ ਹੇਠ ਬਾਉਲੀ ਦੀ ਕਾਰ ਵਿਚ ਤਨੋਂ-ਮਨੋਂ ਖੁੱਭੇ ਹੋਏ ਸਨ। ਲਾਹੌਰ ਤੋਂ ਕੁਝ ਸ਼ਰੀਕੇ ਵਾਲੇ ਸ੍ਰੀ ਗੋਇੰਦਵਾਲ ਸਾਹਿਬ ਆਏ। ਆਪ ਨੂੰ ਟੋਕਰੀ ਢੋਂਦੇ ਅਤੇ ਬਸਤਰ ਚਿੱਕੜ ਨਾਲ ਲਿਬੜੇ ਹੋਏ ਵੇਖ ਕੇ ਉਨ੍ਹਾਂ ਨੇ ਬੁਰਾ ਮਨਾਇਆ। ਜਦੋਂ ਗੱਲ ਸ੍ਰੀ ਗੁਰੂ ਅਮਰਦਾਸ ਜੀ ਪਾਸ ਪਹੁੰਚੀ ਤਾਂ ਪਾਤਸ਼ਾਹ ਬਖਸ਼ਿਸ਼ਾਂ ਦੇ ਘਰ ਵਿਚ ਆ ਗਏ। ਤੀਸਰੇ ਸਤਿਗੁਰੂ ਜੀ ਦੇ ਮੂੰਹੋਂ ਨਿਕਲਿਆ, ਇਹ ਚਿੱਕੜ ਨਹੀਂ ਵਡਿਆਈ ਦਾ ਕੇਸਰ ਤੇ ਗੁਲਾਲ ਹੈ। ਸਿਰ 'ਤੇ ਆਮ ਟੋਕਰੀ ਨਹੀਂ, ਸਗੋਂ ਪਾਤਸ਼ਾਹੀ ਛਤਰ ਝੂਲਣ ਦਾ ਨਿਸ਼ਾਨ ਹੈ।

'ਮਸੰਦ' ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ

ਰਾਮਦਾਸ ਜੀ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਅਤੇ ਸਿੱਖੀ ਮਰਯਾਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਯਾਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।



ਇਸ ਤਰ੍ਹਾਂ ਆਪ ਜੀ ਦੀ ਨਿਮਰਤਾ ਅਤੇ ਸਦਗੁਣਾਂ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਦਿੱਤੀ। ਗੁਰਗੱਦੀ 'ਤੇ ਸੁਭਾਏਮਾਨ ਹੋਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਅਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ ਜਿਸ ਨਾਲ ਗੁਰੂ ਘਰ ਦੀ ਵਡਿਆਈ ਚੁਫੇਰੇ ਫੈਲੀ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਆਪ ਜੀ ਦਾ ਇਕ ਅਹਿਮ ਕਾਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਇਥੇ ਆਏ ਅਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ 'ਸੰਤੋਖਸਰ' ਦੇ ਨਾਂਅ ਨਾਲ ਪ੍ਰਸਿੱਧ ਹੋਇਆ। ਇਸੇ ਦੌਰਾਨ ਆਪ ਨੇ ਨਗਰ 'ਗੁਰੂ ਕਾ ਚੱਕ' ਵਸਾਇਆ, ਜੋ ਬਾਅਦ ਵਿਚ 'ਰਾਮਦਾਸਪੁਰ/ਚੱਕ ਰਾਮਦਾਸ' ਦੇ ਨਾਂਅ ਨਾਲ ਜਾਣਿਆ ਗਿਆ ਅਤੇ ਫਿਰ 'ਸ੍ਰੀ ਅੰਮ੍ਰਿਤਸਰ' ਵਜੋਂ ਮਸ਼ਹੂਰ ਹੋਇਆ। ਆਪ ਨੇ ਇਥੇ ਵੱਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਿਤ ਲੋਕ ਸਨ। ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ ਦੀ ਇਕ ਮਿਸਾਲ ਬਣਿਆ। ਆਪ ਨੇ ਇਥੇ ਵੱਖ-ਵੱਖ ਸ਼੍ਰੇਣੀਆਂ ਦੇ ਲੋਕ ਵਸਾਏ ਸਨ।

ਆਪ ਜੀ ਨੇ ਧੁਰ ਕੀ ਬਾਣੀ ਦਾ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਇਹ ਸਾਡੀ ਅਧਿਆਤਮਿਕ ਤੇ ਸਮਾਜਿਕ ਅਗਵਾਈ ਕਰਦੀ ਹੋਈ ਚੰਗਾ ਜੀਵਨ ਜਿਉਣ ਲਈ ਮਾਰਗ-ਦਰਸ਼ਨ ਦਿੰਦੀ ਹੈ।

ਦੇਸ਼-ਵਿਦੇਸ਼ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ। ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਸ ਪਹਿਲੀ ਵਾਰ ਹੈ ਕਿ ਜਦੋਂ 12 ਇਤਿਹਾਸਕ ਦਰਵਾਜ਼ਿਆਂ ਦੁਆਲੇ ਇਸ ਨਗਰ ਕੀਰਤਨ ਨੇ ਪਰਿਕਰਮਾ ਕੀਤੀ। ਦੇਸ਼ ਵਿਦੇਸ਼ ਤੋਂ ਪਹੁੰਚੇ ਜਥਿਆਂ, ਸੁਸਾਇਟੀਆਂ, ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਅਤੇ ਯੂ.ਐਸ.ਏ. ਤੋਂ ਖਾਲਸਾਈ ਬਾਣੇ ਵਿਚ 150 ਸਿੰਘਾਂ ਦਾ ਜੱਥਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਇਆ। ਸ੍ਰੀ ਹਰਿਮੰਦਰ ਸਾਹਿਬ ਵਿਚ ਵੱਡੇ ਸੁੰਦਰ ਜਲੌਅ ਸਜਾਏ ਗਏ। ਸਾਰੇ ਗੁਰਦੁਆਰਾ ਕੰਪਲੈਕਸ ਨੂੰ ਬੜੇ ਵਧੀਆ ਢੰਗ ਨਾਲ ਫੁੱਲਾਂ ਨਾਲ ਸਜਾਇਆ ਗਿਆ ਸੀ ਅਤੇ ਦੀਪਮਾਲਾ ਹਰ ਇਕ ਦਾ ਮਨ ਮੋਹ ਰਹੀ ਸੀ। ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਨੇ ਇਸ ਅਲੌਕਿਕ ਦ੍ਰਿਸ਼ ਦਾ ਆਨੰਦ ਮਾਣਿਆ।

ਆਉ, ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਅਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

ਗੁਰੂ ਲਾਧੋ ਰੇ ਦਿਵਸ ਤੇ ਵਿਸ਼ੇਸ਼

# ਸਿੱਖੀ ਦਾ ਧਰੂ-ਤਾਰਾ - ਬਾਬਾ ਮੱਖਣ ਸ਼ਾਹ ਲੁਬਾਣਾ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
98141-28181





ਸਿੱਖ ਧਰਮ ਦੇ ਇਤਿਹਾਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਹੈ। ਇਸ ਮਹਾਂਪੁਰਖ ਦਾ ਜਨਮ ਸੰਨ 1619 ਈ. ਵਿਚ ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ ਹਾਲ ਪਾਕਿਸਤਾਨ ਵਿਚ ਪਿਤਾ ਦਾਸੇ ਸ਼ਾਹ ਦੇ ਘਰ ਹੋਇਆ। ਇਹ ਟਾਂਡਾ ਜ਼ਿਲ੍ਹਾ ਗੁਜਰਾਤ ਵਾਲਾ ਹੀ ਟਾਂਡਾ ਸੀ ਜਾਂ ਨਹੀਂ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੰਤੂ ਜਨਮ ਦਾ ਸਾਲ 1619 ਹੀ ਸੀ ਬਾਰੇ ਸਾਰੇ ਵਿਦਵਾਨਾਂ ਦਾ ਇਕਮੱਤ ਹੈ। ਪੁਰਾਤਨ ਸਮੇਂ ਤੋਂ ਬ੍ਰਿਟਿਸ਼ ਰਾਜ ਦੇ ਮੁੱਢਲੇ ਦਿਨਾਂ ਤੱਕ ਲੁਬਾਣਾ ਬਰਾਦਰੀ ਦਾ ਮੁੱਖ ਧੰਦਾ ਸਮਾਨ ਦੀ ਢੋਆ-ਢੁਆਈ ਸੀ। ਮੁੱਖ ਤੌਰ ਤੇ ਉਹ ਆਪਣੇ ਬਲਦਾਂ ਤੇ ਸਮਾਨ ਲੱਦ ਕੇ ਇਧਰ-ਉਧਰ ਦੂਰ-ਦੁਰਾਡੇ ਤੱਕ ਢੋਆ-ਢੁਆਈ ਦਾ ਕੰਮ ਕਰਦੇ ਸਨ। ਬਲਦਾਂ ਤੋਂ ਅੱਗੇ ਗੱਡਿਆਂ ਦੀਆਂ ਵਹੀਰਾਂ ਅਤੇ ਸਮਰੱਥਾ ਮੁਤਾਬਕ ਦਰਿਆਵਾਂ ਵਿਚ ਬੇੜਿਆਂ ਰਾਹੀਂ ਢੋਆ-ਢੁਆਈ ਦਾ ਧੰਦਾ ਕੀਤਾ ਜਾਂਦਾ ਸੀ। ਧਨਾਢ ਸਿੱਖ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਨਾਨਕ ਦੇ ਘਰ ਦਰਬਾਰ ਦਾ ਅਨਿਨ ਸ਼ਰਧਾਲੂ ਸੀ। ਖੁਦ ਇਕ ਵੱਡਾ ਧਨਾਢ ਵਪਾਰੀ ਵੀ ਸੀ। ਉਸ ਦਾ ਦਰਿਆਈ ਅਤੇ ਸਮੁੰਦਰੀ ਰਸਤੇ ਰਾਹੀਂ ਢੋਆ-ਢੁਆਈ ਦਾ ਵਪਾਰ ਵੀ ਸੀ।

ਇਕ ਵਾਰ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਤੇਜ ਹਵਾਵਾਂ ਅਤੇ ਉੱਚੀਆਂ ਲਹਿਰਾਂ ਦੇ ਤੂਫ਼ਾਨ ਵਿਚ ਫਸ ਗਿਆ। ਜਹਾਜ਼ ਡੋਲੇ ਖਾਣ ਲੱਗਾ। ਸਿੱਖ ਦਾ ਬੇੜਾ ਸ਼ਰਧਾ ਤੇ ਵਿਸ਼ਵਾਸ ਨਾਲ ਪਾਰ ਹੁੰਦਾ ਹੈ। ਬਾਣੀ ਵਿਚ ਜ਼ਿਕਰ ਹੈ।

**"ਜੋ ਮਨ ਚਿਤ ਲਾਇ ਪੂਜੇ ਗੁਰੂ ਮੂਰਿਤ,**
**ਸੋ ਮੰਨ ਚਿੰਦੇ ਅਨੇਕ ਫਲ ਪਾਂਹੀ॥"**

ਮੱਖਣ ਸ਼ਾਹ ਦੇ ਗੁਰੂ ਨਾਨਕ ਜੀ ਦੇ ਦਰਬਾਰ ਦੀ ਗੁਰ ਗੱਦੀ ਦਾ ਧਿਆਨ ਰੱਖ ਕੇ ਸ਼ਰਧਾ ਨਾਲ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਆਪ ਜੀ ਮੇਰੇ ਜਨ ਮਾਲ



ਦੀ ਰਾਖੀ ਕਰੋ, ਇਸ ਬਿਪਤਾ ਵਿਚੋਂ ਮੇਰੇ ਬੇੜੇ ਨੂੰ ਸੁੱਖੀ ਸਾਂਦੀ ਬਾਹਰ ਕੱਢੋ, ਮੈਂ ਆਪ ਜੀ ਦੀ ਗੱਦੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਤਨ, ਮਨ ਅਤੇ ਧਨ ਨਾਲ ਨਤਮਸਤਕ ਹੋਵਾਗਾਂ। ਸਿੱਖ ਦੀ ਸ਼ਰਧਾ ਭਰੀ ਅਰਦਾਸ ਮਨਜ਼ੂਰ ਹੋਈ।

**ਗੁਰ ਪੂਰਾ ਜਿਨ ਸਿਮਰਿਆ, ਸੇਈ ਭਏ ਨਿਹਾਲਾ।**

ਬੇੜਾ ਸਹੀ ਸਲਾਮਤ ਬੰਨੇ ਲੱਗ ਪਿਆ। ਸਿੱਖ ਦੀ ਰਸਨਾ ਤੇ ਆਇਆ ਧੰਨ ਸਤਿਗੁਰੂ-"**ਤੂੰ ਕਰਤਾ ਤੂੰ ਕਰਣੈ ਯੋਗ॥**" ਧੰਨ ਮੇਰੇ ਪਾਤਸ਼ਾਹ ਸੇਵਕਾਂ ਦੇ ਸਦਾ ਸਹਾਈ, ਆਪ ਜੀ ਦਾ ਲੱਖ-ਲੱਖ ਸ਼ੁਕਰ ਹੈ।

ਸਿੱਖ ਦਾ ਜਹਾਜ਼ ਕਿਨਾਰੇ ਲੱਗਾ। ਪਹਿਲੀ ਫੁਰਸਤ ਹੀ ਕਿਨਾਰੇ ਲਗਾਉਣ ਵਾਲੇ ਗੁਰੂ ਦੇ ਦਰਸ਼ਨ ਕਰਨ ਅਤੇ ਸ਼ੁਕਰਾਨਾ ਕਰਨ ਲਈ ਪਰਿਵਾਰ ਅਤੇ ਸੇਵਕਾਂ ਸਮੇਤ ਨਿਕਲ ਤੁਰਿਆ। ਪਤਾ ਲੱਗਾ ਅੱਠਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਚੁੱਕੇ ਹਨ। ਅੰਤਮ ਸਮੇਂ ਪੰਜ ਪੈਸੇ ਤੇ ਨਾਰੀਅਲ ਰੱਖ ਕੇ 'ਬਾਬਾ ਬਕਾਲੇ' ਕਹਿ ਕੇ ਨਮਸ਼ਕਾਰ ਕਰਕੇ ਸੰਗਤਾਂ ਨੂੰ ਅਗਲਾ ਗੁਰੂ ਬਾਬੇ ਬਕਾਲੇ ਵਿਚ ਹੋਣ ਦਾ ਇਸ਼ਾਰਾ ਕਰ ਗਏ ਹਨ।

ਸਿੱਖ ਨੇ ਬਾਬਾ ਬਕਾਲਾ ਨਗਰ ਦਾ ਰਾਹ ਫੜਿਆ। ਬਕਾਲੇ ਪਹੁੰਚੇ ਕੇ ਮੱਖਣ ਸ਼ਾਹ ਨੇ ਸਾਰੇ ਡੇਰੇ ਸਮੇਤ ਨਗਰ ਦੇ ਬਾਹਰ ਖੁੱਲ੍ਹੀ ਜਗ੍ਹਾ ਤੇ ਤੰਬੂ-ਕਨਾਤਾਂ ਲਗਾ ਲਏ। ਰਾਤ ਵਿਸ਼ਰਾਮ ਕੀਤਾ। ਅਗਲੀ ਸਵੇਰ ਅੰਮ੍ਰਿਤ ਵੇਲੇ ਉੱਠੇ , ਇਸ਼ਨਾਨ ਪਾਠ ਕਰਕੇ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ, ਅੱਠਵੇਂ ਗੁਰੂ ਜੀ ਦੇ ਬਾਬਾ ਬਕਾਲੇ ਫੁਰਮਾਨ ਕਾਰਨ ਗੁਰੂ ਪਰਿਵਾਰਾਂ ਨਾਲ ਕਿਸੇ ਤਰ੍ਹਾਂ ਦਾ ਵੀ ਰਿਸ਼ਤਾ ਰੱਖਣ ਵਾਲੇ, ਖਾਸ ਤੌਰ ਤੇ ਸੋਢੀ ਪਰਿਵਾਰਾਂ ਵਿਚੋਂ 22 ਮਸੰਦ ਖੁਦ ਸੱਚਾ ਗੁਰੂ ਹੋਣ ਦਾ ਦਾਅਵਾ ਕਰਕੇ ਵੱਖ-ਵੱਖ ਹੱਟੀਆਂ (ਦੁਕਾਨਾਂ) ਖੋਲ੍ਹ ਕੇ ਬੈਠ ਗਏ ਹਨ, ਗਰੀਬ ਨਿਵਾਜ ਸੋਝੀ ਦਿਓ, ਮੈਂ ਕਿਵੇਂ ਲੱਭ ਸਕਾਂ ਆਪ ਜੀ ਨੂੰ। ਪ੍ਰਾਰਥਨਾ ਭਰੀ ਅਰਦਾਸ ਹੋਈ। ਮੱਥਾ ਟੇਕਿਆ, ਤਿਆਰੀ ਕਰਕੇ ਦਰਸ਼ਨਾਂ ਨੂੰ ਤੁਰ ਪਏ।

ਧੀਰ ਮੱਲ ਸਮੇਤ ਸਾਰੀਆਂ ਮੰਜੀਆਂ ਤੇ ਸਜੇ ਅਖੌਤੀ ਤੇ ਪਾਖੰਡੀ ਗੁਰੂਆਂ ਨੂੰ ਕਿਸੇ ਨੂੰ ਦੋ, ਕਿਸੇ ਨੂੰ ਪੰਜ ਮੋਹਰਾ ਰੱਖ ਕੇ ਮੱਥਾ ਟੇਕਿਆ। ਸਭ ਨੇ ਮੋਹਰਾ ਜੇਬ ਵਿਚ ਪਾਈਆਂ ਤੇ ਰੱਜ-ਰੱਜ ਕੇ ਅਸੀਸਾਂ ਦਿੱਤੀਆਂ। ਸਿੱਖ ਦਾ ਮਨ ਵਿਯੋਗ ਵਿਚ ਆ ਗਿਆ ਕਿ ਸੱਚੇ ਗੁਰੂ ਨੇ ਮੈਨੂੰ ਕਿਉਂ ਨਹੀਂ ਪਛਾਣਿਆ? ਕਿਉਂ ਨਹੀਂ ਜੋ ਮੈ ਸੁਖਿਆ ਸੀ ਮੇਰੇ ਪਾਸੋਂ ਮੰਗ ਲਿਆ, ਜੋ ਇੰਨੀ ਦੂਰੀ ਤੋਂ ਮੇਰੀ ਕੀਤੀ ਅਰਦਾਸ ਸੁਣ ਕੇ ਮੇਰਾ ਬੇੜਾ ਬੰਨੇ ਲਗਾ ਸਕਦਾ ਹੈ, ਉਹ ਮੇਰੇ ਆਏ ਤੋਂ ਆਪਣੀ ਅਮਾਨਤ ਮੰਗ ਕੇ ਮੈਨੂੰ ਸੇਵਕ ਨੂੰ ਖੁਸ਼ੀਆਂ ਨਾਲ ਭਰ ਕਿਉਂ ਨਹੀਂ ਰਿਹਾ? ਮੰਨ ਉਦਾਸ ਸੀ? ਇਕ ਸਥਾਈ ਰਾਹਗੀਰ ਨੂੰ ਪੁਛਿਆ ਕੋਈ ਹੋਰ ਵੀ ਹੈ ? ਜਵਾਬ ਮਿਲਿਆ ਇਕ ਮਸਤਾਨਾ ਜਿਹਾ ਸੋਢੀ ਹੋਰ ਵੀ ਹੈ, ਜੋ ਛੇਵੇਂ ਸਤਿਗੁਰੂ ਜੀ ਦਾ ਛੋਟਾ ਸਾਹਿਬਜ਼ਾਦਾ ਹੈ, ਉਸਦਾ ਨਾਮ ਤੇਗ਼ ਬਹਾਦਰ ਹੈ, ਲੋਕ ਤੇਗਾ ਕਮਲਾ ਵੀ ਕਹਿੰਦੇ ਹਨ। ਭੋਰੇ ਵਿਚ ਲੁਕਿਆ ਰਹਿੰਦਾ ਹੈ। ਰੱਬ ਦੇ ਨਾਮ ਵਿਚ ਮਸਤ ਹੈ। ਬਾਹਰੀ ਦੁਨੀਆਂ ਤੋਂ ਅਲਮਸਤ ਹੈ। ਸੁਣ ਕੇ ਮੱਖਣ ਸ਼ਾਹ ਦੇ ਚਿਹਰੇ ਤੇ ਖੇੜਾ ਆ ਗਿਆ। ਦਿਲ ਨੇ ਤਸੱਲੀ ਦਿੱਤੀ। ਆਤਮਾ ਨੇ ਆਖਿਆ ਤੇਰੀ ਮੁਰਾਦ ਪੂਰੀ ਹੋਣ ਵਾਲੀ ਹੈ। ਢਿੱਲ ਨਾ ਲਾ। ਅੱਠਵੇਂ ਪਾਤਸ਼ਾਹ ਨੇ ਕਿਹਾ ਸੀ'ਬਾਬਾ ਬਕਾਲੇ' ਜੋ ਇਹ ਛੇਵੇਂ ਪਾਤਸ਼ਾਹ ਦਾ ਸਾਹਿਬਜ਼ਾਦਾ ਹੈ ਤਾਂ ਫਿਰ ਰਿਸ਼ਤੇ ਵਿਚ ਵੀ ਤਾਂ ਅੱਠਵੇਂ ਪਾਤਸ਼ਾਹ ਦਾ 'ਬਾਬਾ' ਹੀ ਲਗਾ। ਲੱਗਦੈ ਇਹੋ ਅਸਲੀ ਏ ਪਰ ਪਰਖ ਕਰ ਕੇ ਹੀ ਮੰਨਾਂਗੇ।

ਪਹੁੰਚ ਕੇ ਮਾਤਾ ਨਾਨਕੀ ਜੀ ਨੂੰ ਦਰਸ਼ਨ ਕਰਨ ਦੀ ਮਨਜ਼ੂਰੀ ਦੀ ਖਾਹਸ਼ ਜ਼ਾਹਿਰ ਕੀਤੀ। ਮਾਤਾ ਨੇ ਕਿਹਾ ਦੁਨਿਆਵੀ ਜੀਵਾਂ ਨੂੰ ਮਿਲਦੇ ਨਹੀਂ। ਜਿੱਦ ਕਰਨ ਤੇ ਮਾਤਾ ਨੇ ਅੰਦਰੋਂ ਮਨਜ਼ੂਰੀ ਲੈ ਦਿੱਤੀ। ਪਹੁੰਚ ਕੇ ਦੀਦਾਰੇ ਕੀਤੇ, ਕਪਾਟ ਖੁੱਲ੍ਹ ਗਏ, ਰੂਹ ਸਰਸ਼ਾਰ ਹੋ ਗਈ ਪਰ ਪਰਖ ਦੀ ਕਸਵੱਟੀ ਲਾ ਦਿੱਤੀ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਮਨ ਵਿਚ ਅਰਦਾਸ ਕੀਤੀ ਜੇ ਤੂੰ ਹੀ ਮੇਰਾ ਬੇੜਾ ਪਾਰ ਲਗਾਉਣ ਵਾਲਾ ਹੈ ਤਾਂ ਕਰ ਕੋਈ ਇਸ਼ਾਰਾ।

**"ਸ੍ਰੀ ਗੁਰੂ ਤੇਗ ਬਹਾਦਰ ਚੰਦ।**
**ਕਹਯੋ ਤਿਸੈ ਹੋ ਸਿੱਖ ਬਲੰਦ।**
**ਸਾਗਰ ਸਮੇਂ ਜਹਾਜ਼ ਲੰਘਾਵਨਿ।**
**ਤਹਿ ਜੋ ਕੀਨ ਸੰਕਲਪ ਉਠਾਵਿਨ।**
**ਅਰ ਦਸੌਂਧ? ਗੁਰ ਕੋ ਹੈ ਜੋਤਾ।**
**ਅਰਪਨ ਦਰਬ ਕਰਹੁ ਅਬ ਤੇਤਾ।**
**ਸਿਖੀ ਮਹਿ ਸ਼ਰਧਾ ਨਿਤ ਰਾਖਹੂ।**
**ਗੁਰ ਹਾਜਰ ਸਦ ਜਹਾਂ ਭਿਲਾਖੀ॥"**

ਇਹ ਸੁਣ ਕੇ ਮੱਖਣ ਸ਼ਾਹ ਦੇ ਕਪਾਟ ਖੁੱਲ੍ਹ ਗਏ, ਨੇਤਰਾਂ ਵਿਚੋਂ ਵੈਰਾਗ ਵਹਿ ਤੁਰਿਆ। ਕਿਤਨਾ ਚਿਰ ਚੁੱਪ ਰਿਹਾ। ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ।

**'ਹੇ ਸਤਗੁਰ ਪੂਰਨ ਕਰ ਦਯਾ।**
**ਸਾਗਰ ਪਤਾ ਜੁ ਰਾਵਰਿ ਦਯਾ।**
**ਨਯਾ ਜਨਮ ਹੋਵਤਿ ਭਾ ਮੋਰਾ।**
**ਕਰਯੋ ਨਿਵਾਰਿਨ ਸੰਕਟ ਘੋਰਾ।'**

ਸਾਰੇ ਸੰਸਾਰ ਨੂੰ ਅੰਨ ਤੇ ਧੰਨ ਨਾਲ ਪੂਰਨ ਕਰਨ ਵਾਲੇ, ਗੁਰਦੇਵ ਜੀਓ, ਆਪ ਨੇ ਮੈਥੋਂ ਦਸਵੰਧ ਤੇ ਸੁਖਨਾ ਨਹੀਂ ਮੰਗੀ। ਇਸ ਬਹਾਨੇ ਆਪ ਨੇ ਮੋਏ ਹੋਏ ਸੇਵਕ ਨੂੰ ਜਿਵਾਲ ਦਿੱਤਾ ਹੈ। ਮੇਰੇ ਵੱਡੇ ਭਾਗ ਹਨ ਜਿਸ ਨੂੰ ਤੁਸਾਂ ਦਰਸ਼ਨ ਕਰਨ ਦਾ ਸੁਭਾਗ ਬਖਸ਼ਿਆ ਹੈ। ਮੇਰੇ ਡੁੱਬਦੇ ਨੂੰ ਸਹਾਰਾ ਮਿਲਿਆ ਹੈ। ਨਰਕੀ ਜੀਵ ਨੂੰ ਸਵਰਗ ਦੀ ਪ੍ਰਾਪਤੀ ਹੋਈ ਹੈ। ਗੁਰੂ ਜੀ ਅੱਗੇ ਹੱਥ ਬੰਨ ਕੇ ਅਰਜ਼ੋਈ ਕੀਤੀ ਹੇ ਸੱਚੇ ਪਾਤਸ਼ਾਹ ਆਪ ਜੀ ਦੇ ਪ੍ਰਗਟ ਹੋ ਜਾਣ ਦਾ ਸਮਾਂ ਆ ਗਿਆ ਹੈ। ਹੁਣ ਮੈਂ ਕਦਾਚਿਤ ਵੀ ਆਪ ਜੀ ਨੂੰ ਗੁਰਗੱਦੀ ਤੋਂ ਦੂਰ ਨਹੀਂ ਰਹਿਣ ਦੇਣਾ।

**"ਸ੍ਰੀ ਗੁਰੂ ਤੇਗ ਬਹਾਦਰ ਸੁਨਿ ਕੈ।**
**ਬਰਜਨ ਕੀਨਸ ਬਾਕਿਨ ਭਨਿ ਕੈ॥**
**ਹਮ ਕੋ ਜਾਹਰ ਬਾਹਰ ਕਰੋ॥**
**ਪੁਨ ਨਾ ਮਨੋਰਥ ਇਹ ਉਰ ਧਰੋ।**
**ਜੋ ਮਾਨੁੱਖ ਇਮ ਕਰ ਹੈ ਕਾਰਾ।**
**ਤਿਹ ਮੁਖ ਹੋਇ ਦਰਗਹਿ ਮਹਿ ਕਾਰਾ।"**

ਸੁਣਦਿਆਂ ਹੀ ਮੱਖਣ ਸ਼ਾਹ ਲੰਗਰ ਘਰ ਵੱਲ ਵਧਿਆ। ਤਵੇ ਦੀ

ਸਿਆਹੀ ਨਾਲ ਹੱਥ ਭਰ ਕੇ ਮੂੰਹ ਤੇ ਲਾਇਆ। ਸੋਚਿਆ ਦਰਗਾਹ ਵਿਚ ਮੂੰਹ ਕਾਲਾ ਕਰਵਾਉਣ ਨਾਲੋਂ ਇਥੇ ਕੀਤਾ ਚੰਗਾ ਹੈ। ਲੋਕ ਲਾਜ ਦੀ ਪ੍ਰਵਾਹ ਨਾ ਕੀਤੀ। **'ਆਪ ਗਵਾਈਏ ਤਾਂ ਸਹੁ ਪਾਈਏ'** ਵਾਲੀ ਗੱਲ ਤੇ ਅਮਲੀ ਜਾਮਾ ਪਹਿਨਾਇਆ। ਭੇਂਟ ਅੱਗੇ ਰੱਖੀ, ਦਸਵੰਧ ਭੇਟ ਕੀਤਾ। ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ। ਗੁਰੂ ਨਾਨਕ ਦੀ ਸਿੱਖੀ ਜਿਸ ਦਾ ਚਹੁੰ ਕੂੰਟਾਂ ਵਿਚ ਫੈਲਿਆ ਹੋਇਆ ਹੈ, ਦੀ ਰਹਿਬਰੀ ਸਾਰਸ਼ਾਰ ਹੋ ਕੇ ਸੰਭਾਲੋ, ਗੁਰੂ ਹਰਕ੍ਰਿਸ਼ਨ ਜੀ ਵੱਲੋਂ ਉਚਰੇ ਸ਼ਬਦ **'ਬਾਬਾ ਬਕਾਲੇ'** ਦੇ ਇਸ਼ਾਰੇ ਨੂੰ ਅਸਲੀ ਜਾਮਾ ਪਹਿਨਾਓ, ਉਪਰੋਕਤ ਹੁਕਮਾਂ ਅਨੁਸਾਰ ਹੀ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਭੇਟਾਂ ਲੈ ਕੇ ਬਕਾਲੇ ਆਉਂਦੀ ਹੈ, ਉਹਨਾਂ ਦੀ ਸ਼ਰਧਾ ਸਿਦਕ ਇਹਨਾ ਆਪੇ ਬਣੇ ਗੁਰੂਆਂ ਦੇ ਢਾਹੇ ਚੜ੍ਹ ਕੇ ਘਟ ਜਾਂਦੀ ਹੈ, ਆਪ ਹੀ ਅੱਠਵੇਂ ਸਤਿਗੁਰੂ ਦੇ ਕਹੇ ਹੋਏ ਮੁਖਵਾਕ ਨੂੰ ਸਤ ਕਰੋ, ਗੁਰਗੱਦੀ ਤੇ ਸੁਭਾਇਮਾਨ ਹੋ ਕੇ ਸਿੱਖੀ ਨੂੰ ਸੰਭਾਲੋ।

ਗੁਰੂ ਮਹਾਰਾਜ ਸਿਦਕੀ ਸਿੱਖ ਦੀ ਸ਼ਰਧਾ, ਸਿਦਕ, ਪ੍ਰੇਮ, ਨਿਮਰਤਾ ਤੇ ਵਿਸ਼ਵਾਸ ਵੇਖ ਕੇ ਪ੍ਰਸੰਨ ਹੋ ਗਏ। ਪ੍ਰਵਾਨਗੀ ਦੇ ਦਿੱਤੀ ਆਖਿਆ ਜਾਹ ਹੁਣ ਮੂੰਹ ਧੋ ਕੇ ਆਓ।

**''ਗੁਰੂ ਆਖਿਆ ਲੈ ਮੱਖਣ ਸ਼ਾਹੁ।**
**ਮੁਖ ਧੋਯੋ ਲੈ ਜਲ ਕਰ ਮਾਹੁ।**
**ਗੁਰ-ਗਿਰਾ ਘਰ ਇੱਛਾ ਜਾ ਕੀ।**
**ਪੁਰਨ ਕੀਨਿ ਮਨਿ ਮਨ ਨੀਕੀ॥''**

ਸੁੰਦਰ ਪੁਸ਼ਾਕਾ ਪਹਿਨ ਕੇ ਗੁਰੂ ਜੀ ਸਿੰਘਾਸਨ ਤੇ ਬੈਠੇ। ਚੌਰ ਬਰਦਾਰ ਸਿਰ ਉਪਰ ਚੌਰ ਕਰ ਰਿਹਾ ਹੈ। ਮੱਖਣ ਸ਼ਾਹ ਭੱਜ ਕੇ ਕੋਠੇ ਤੇ ਚੜ੍ਹ ਗਿਆ। ਪੱਲਾ ਹਿਲਾ ਹਿਲਾ ਕੇ ਉਚੀ-ਉਚੀ ਆਵਾਜ਼ ਦਿੱਤੀ **'ਗੁਰੂ ਲਾਧੋ ਰੇ, ਗੁਰੂ ਲਾਧੋ ਰੇ।'**

**''ਤਿਹ ਛਿਨ ਮੱਖਣ ਚਢਿਯੋ ਊਚ ਅਟਾਰੀ।**
**ਸਭ ਸੰਗਤ ਸੋਂ ਊਚ ਉਚਾਰੀ।**
**ਭੁਲੀਏ ਸੰਗਤ ਸੁਨਹੁ ਸੋਕਾਨ।**
**ਸਤਗੁਰ ਲਧਾ ਮਹਿਦ ਮਹਾਨ।**
**ਸੰਸੈ ਭਰਮ ਰਿਦੈ ਕੋ ਤਜਿ ਕੇ।**
**ਜਨਮ ਸਧਾਰਨ ਸ੍ਰੀ ਗੁਰ ਭਜ ਕੈ॥''**

ਇਹ ਸੁਣ ਕੇ ਸੰਗਤ ਦੌੜੀ ਆਈ। ਦਰਸ਼ਨ ਕੀਤੇ, ਭੇਟਾ ਰੱਖੀਆਂ, ਚਾਰ-ਚੁਫੇਰੇ ਰੌਲਾ ਪੈ ਗਿਆ। ਜਿਸ ਨੂੰ ਲੋਕ 'ਤੇਗ਼ਾ ਕਮਲਾ' ਕਹਿੰਦੇ ਸਨ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਸ਼ਕਤੀਆਂ ਦੇ ਮਾਲਕ ਹਨ। ਜਿਨ੍ਹਾਂ ਨੇ ਮੱਖਣ ਸ਼ਾਹ ਲੁਬਾਣੇ ਦਾ ਡੁੱਬਦਾ ਜਹਾਜ਼ ਬੰਨੇ ਲਾਇਆ ਹੈ। ਉਸ ਸ਼ਰਧਾਲੂ ਸਿੱਖ ਨੇ ਸਭ ਸੰਗਤਾਂ ਦੇ ਭਲੇ ਲਈ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ ਹੈ। ਚੰਦਰਮਾ ਚੜ੍ਹ ਪਿਆ ਹੈ, ਹੁਣ ਹਨ੍ਹੇਰਾ ਨਹੀਂ ਰਹੇਗਾ। ਭਾਈ ਮੱਖਣ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਵਿਸ਼ਵਾਸ ਰਾਹੀਂ ਕਾਰਨਾਮਾ ਕਰ ਵਿਖਾਇਆ ਹੈ।

ਇਸ ਤੋਂ ਉਪਰੰਤ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਤਿਗੁਰੂ ਦੇ ਸੰਗ ਰਹੇ। ਧੀਰ ਮੱਲ ਤੇ ਸ਼ੀਹੇ ਮਸੰਦ ਨੂੰ ਸੋਧਿਆ। ਸਤਿਗੁਰੂ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕੀਤੀਆਂ।

ਸਮੁੱਚਾ ਸਿੱਖ ਪੰਥ ਅਤੇ ਖਾਸਕਰ ਲੁਬਾਣਾ ਬਰਾਦਰੀ ਬਾਬਾ ਮੱਖਣ ਸ਼ਾਹ ਲੁਬਾਣੇ ਦੇ ਇਸ ਕਾਰਨਾਮੇ ਨੂੰ ਹਮੇਸ਼ਾ ਸਿਜਦਾ ਕਰਦੇ ਰਹਿਣਗੇ। ਹਰ ਸਾਲ ਦੀ ਤਰ੍ਹਾਂ ਬਾਬਾ ਬਕਾਲਾ ਵਿਖੇ ਸਾਵਣ ਮਹੀਨੇ ਦੀ ਪੂਰਨਮਾਸ਼ੀ ਤੇ ਵੱਡੇ ਜੋੜ ਮੇਲੇ ਵਿੱਚ ਸਿੱਖ ਸੰਗਤਾਂ ਇਸ ਅਦੁੱਤੀ ਮਨੁੱਖ ਨੂੰ ਸਿਜਦਾ ਕਰਦੀਆਂ ਹਨ।

ਹਰ ਸਾਲ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਮਿਤੀ 7 ਅਕਤੂਬਰ ਨੂੰ ਇਹ ਦਿਹਾੜਾ ਬੜੇ ਚਾਅ ਅਤੇ ਮਲਾਰਾਂ ਨਾਲ ਮਨਾਇਆ ਜਾਂਦਾ ਹੈ।

● ● ●

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਬਾਬਾ ਬੁੱਢਾ ਜੀ ਜਨਮ ਦਿਵਸ ’ਤੇ ਵਿਸ਼ੇਸ਼



ਬਾਬਾ ਬੁਢਾ ਜੀ ਬੜੇ ਉੱਚੇ ਸੁਚੇ, ਕਰਨੀ ਵਾਲੇ ਪ੍ਰਸਿਧ, ਗੁਰਸਿੱਖ ਹੋਏ ਹਨ। ਉਨ੍ਹਾਂ ਨੇ ਗੁਰਸਿੱਖੀ ਦਾ ਉਪਦੇਸ ਸ੍ਰੀ ਗੁਰੂ ਨਾਨਕ ਦੇਵ ਜੀ ਲਿਆ ਅਤੇ ਛੇਵੀਂ ਪਾਤਿਸ਼ਾਹੀ ਦੇ ਸਮੇਂ ਤੀਕ ਗੁਰਸਿੱਖੀ ਦਾ ਨਮੂਨਾ ਬਣ ਕੇ ਜੀਵਨ ਬਤੀਤ ਕੀਤਾ।

ਬਾਬਾ ਜੀ ਦਾ ਜਨਮ ਸੁਘੇ ਰੰਧਾਵੇ ਜਟ ਦੇ ਘਰ ਗੌਰਾਂ ਦੀ ਕੁੱਖ ਤੋਂ ਕਤਕ ਸੰਮਤ ੧੫੬੩ ਨੂੰ ਕੱਥੂ ਨੰਗਲ, ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਬੂੜਾ ਰੱਖਣ, ਮਗਰੋਂ ਗੁਰੂ ਨਾਨਕ ਦੇਵ ਜੀ ਦੇ ਬਚਨ ਜਬ ਉਨ੍ਹਾਂ ਦਾ ਨਾਂ ਬੁਢਾ ਜੀ ਪੈ ਗਿਆ। ਬੂੜਾ ਜੀ ਦੇ ਜਨਮ ਤੋਂ ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਆ ਵੱਸੇ।

ਆਪ ਯਾਰ੍ਹਾਂ ਬਾਰ੍ਹਾਂ–ਵਰ੍ਹਿਆਂ ਦੇ ਸਨ, ਤਦ ਗੁਰੂ ਨਾਨਕ ਦੇਵ ਜੀ ਫਿਰਦੇ ਫਿਰਾਦੇਂ ਅਤੇ ਸਤਿਨਾਮੁ ਦੇ ਗੱਫੇ ਵਰਤਾਂਦੇ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਵੀ ਮੱਝਾਂ ਚਾਰਦੇ ਓਥੇ ਆ ਗਏ। ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਿਆ। ਉਨ੍ਹਾਂ ਦੇ ਮਨ ਵਿੱਚ ਅਜਿਹੀ ਰੀਝ ਪੈਦਾ ਹੋ ਗਈ ਕਿ ਉਹ ਰੋਜ਼ ਨੇਮ ਨਾਲ ਗੁਰੂ ਜੀ ਪਾਸ ਆ ਬਿਹਾ ਕਰਨ ਅਤੇ ਕਿੰਨਾ ਕਿੰਨਾ ਚਿਰ ਟਿਕ ਬੈਠ ਕੇ ਉਨ੍ਹਾਂ ਦੇ ਦਰਸ਼ਨ ਕਰਦੇ ਤੇ ਕੰਨ ਲਾ ਕੇ ਬਚਨ ਸੁਣਦੇ ਰਿਹਾ ਕਰਨ। ਨਾਲ ਹੀ ਉਹ ਗੁਰੂ ਜੀ ਵਾਸਤੇ ਦੁੱਧ ਲਿਆ ਕੇ ਬੜੇ ਪ੍ਰੇਮੀ ਨਾਲ ਭੇਟ ਕਰਿਆ ਕਰਨ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**


ਇਕ ਦਿਨ ਗੁਰੂ ਜੀ ਨੇ ਉਹਨਾਂ ਨੂੰ ਕਿਹਾ, ‘ਕਾਕਾ ਤੇਰਾ ਕੀ ਨਾਂ ਹੈ? ਤੂੰ ਕੀ ਕੰਮ ਕਰਦਾ ਹੁੰਦਾ ਏਂ?’

**ਬੂੜਾ ਜੀ-** ਸੱਚੇ ਪਾਤਸ਼ਾਹ, ਮੈਂ ਰਮਦਾਸ ਵਿੱਚ ਰਹਿਣ ਵਾਲੇ ਇੱਕ ਜੱਟ ਦਾ ਪੁੱਤ ਹਾਂ। ਮਾਪਿਆਂ ਨੇ ਮੇਰਾ ਨਾਮ ਬੂੜਾ ਰੱਖਿਆ ਹੈ, ਮੈਂ ਮੱਝਾਂ ਚਾਰਿਆ ਕਰਦਾ ਹਾਂ।

**ਗੁਰੂ ਜੀ-**ਤੂੰ ਕੀ ਇੱਛਾ ਧਾਰ ਕੇ ਸਾਡੇ ਪਾਸ ਆਉਂਦਾ ਹੈ? ਤੂੰ ਕੀ ਚਾਹੁੰਦਾ ਹੈ?

**ਬੂੜਾ ਜੀ–** ਸੱਚੇ ਪਾਤਸ਼ਾਹ! ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁਖ ਤੇ ਡਰ ਤੋਂ ਬਚਾਓ, ਇਸ ਚੁਰਾਸੀ ਦੇ ਗੇੜ ਵਿੱਚੋਂ ਕੱਢੋ, ਮੁਕਤੀ ਬਖਸ਼ੋ।

**ਗੁਰੂ ਜੀ–** ਕਾਕਾ! ਤੇਰੀ ਤੇ ਹਾਲਾਂ ਖੇਡਣ–ਮੱਲ੍ਹਣ, ਖਾਣ–ਹਡਾਉਣ ਦੀ ਉਮਰ ਹੈ। ਤੈਨੂੰ ਮੌਤ ਤੇ ਮੁਕਤੀ ਦੇ ਖਿਆਲਾਂ ਨੇ ਕਿਵੇਂ ਆ ਫੜਿਆ? ਵੱਡਾ ਹੋਵੇਂਗਾ ਤਾਂ ਇਹ ਗੱਲਾਂ ਕਰੀਂ।


**ਬੂੜਾ ਜੀ** - ਮਹਾਰਾਜ ਜੀ! ਮੌਤ ਦਾ ਕੀ ਵਸਾਹ? ਕੀ ਪਤਾ ਕਦੋਂ ਆ ਝੱਫੇ! ਖਬਰੇ ਵੱਡਾ ਹੋਵਾਂ ਕਿ ਨਾ ਹੀ ਹੋਵਾਂ।

**ਗੁਰੂ ਜੀ–** ਤੈਨੂੰ ਇੰਨੀ ਛੋਟੀ ਉਮਰੇ ਇਹ ਸੋਚ ਕਿਵੇਂ ਫੁਰੀ, ਕਾਕਾ ਬੂੜਿਆ।

**ਬੂੜਾ ਜੀ-** ਮਹਾਰਾਜ ਜੀ, ਉਹ ਇਉਂ! ਕੁਝ ਚਿਰ ਹੋਇਆ, ਪਠਾਣ ਸਾਡੇ ਪਿੰਡ ਪਾਸ ਦੀ ਲੰਘੇ, ਉਹ ਬਦੋ ਬਦੀ ਸਾਡੀਆਂ ਫਸਲਾਂ ਵੱਢ ਕੇ ਲੈ ਗਏ– ਪੱਕੀਆਂ ਵੀ ਕੱਚੀਆਂ ਵੀ, ਤੇ ਅੱਧ ਪੱਕੀਆਂ ਵੀ। ਓਦੋ ਤੋਂ ਮੈਨੂੰ ਘੜੀ ਮੁੜੀ ਖਿਆਲ ਆਉਂਦਾ ਹੈ ਕਿ ਜਿਵੇਂ ਪਠਾਣ ਕੱਚੀਆਂ ਪੱਕੀਆਂ ਫਸਲਾਂ, ਵੱਢ ਕੇ ਲੈ ਗਏ ਹਨ ਤਿਵੇਂ ਹੀ ਮੌਤ ਵੀ ਬੱਚੇ, ਗਭਰੂ ਅਧਖੜ, ਬੁਢੇ ਨੂੰ ਜਦੋਂ ਜੀ ਕਰੇ ਆ ਨਪੇਗੀ। ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇ? ਇਸ ਕਰਕੇ ਮੈਂ ਮੌਤ ਤੋਂ ਡਰਦਾ ਹਾਂ। ਤੁਹਾਡੇ ਪਾਸ ਇਹ ਆਸ ਧਾਰ ਕੇ ਆਉਂਦਾ ਹਾਂ ਕਿ ਤੁਸੀਂ ਮੇਰਾ ਇਹ ਡਰ ਦੂਰ ਕਰੋਗੇ।

ਗੁਰੂ ਜੀ ਹੱਸ ਪਏ ਅਤੇ ਕਹਿਣ ਲਗੇ, ‘ਤੂੰ ਹੈ ਤਾਂ ਬੱਚਾ, ਪਰ ਗੱਲਾਂ ਬੁਢਿਆਂ ਵਾਲੀਆਂ ਕਰਦਾ ਹੈ। ਤੂੰ ਬੱਚਾ ਨਹੀਂ, ਤੂੰ ਬੁਢਾ ਹੈ। ਤਕੜਾ ਹੋ, ਬੁਢੇ ਬਾਲਕਾ! ਰੱਬ ਮੌਤ ਨਾਲੋਂ ਕਿਤੇ ਵਧੇਰੇ ਵੱਡਾ ਤੇ ਬਲਵਾਨ ਹੈ। ਜੇ ਤੂੰ ਉਸ ਦਾ ਹੋ ਜਾਵੇਂ, ਤਾਂ ਮੌਤ ਤੈਨੂੰ ਡਰਾ ਨਾ ਸਕੇਗੀ, ਉਹ ਤੈਥੋਂ ਡਰਨ ਲਗ ਪਵੇਗੀ, ਤੂੰ ਅਮਰ ਹੋ ਜਾਵੇਂਗਾ, ਜਨਮ ਮਰਨ ਦੇ ਗੇੜ ਤੋਂ ਛੁਟ ਜਾਵੇਂਗਾ। ਰੱਬ ਨੂੰ ਹਰ ਵੇਲੇ ਚੇਤੇ ਰਖਿਆ ਕਰ, ਉਸ ਦਾ ਨਾਮ ਜਪਿਆ ਕਰ, ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ, ਉਨ੍ਹਾਂ ਦੀ ਪਿਆਰ ਨਾਲ ਸੇਵਾ ਕਰਿਆ ਕਰ, ਜੋ ਤੇਰੇ ਹਿਰਦੇ ਵਿਚ ਰੱਬ ਦਾ ਡਰ ਭਰ ਜਾਵੇ, ਤੂੰ ਉਸ ਨੂੰ ਖੁਸ਼ ਕਰਨ ਦੇ ਜਤਨ ਕਰਦਾ ਰਹੇਂ, ਤਾਂ ਤੇਰੇ ਮਨ ਵਿੱਚ ਰੱਬ ਲਈ ਪਿਆਰ ਪੈਦਾ ਹੋ ਪਵੇ, ਫੇਰ ਮੌਤ ਦਾ ਵੀ ਤੇ ਹੋਰ ਸਭੇ ਡਰ ਵੀ ਮਿਟ ਜਾਣ, ਤੈਨੂੰ ਮੁਕਤੀ ਮਿਲ ਜਾਵੇਗੀ।

ਉਸ ਦਿਨ ਤੋਂ ਬੁੜਾ ਜੀ ਦਾ ਨਾਂ 'ਬੁਢਾ' ਜੀ ਪੈ ਗਿਆ। ਸਿੱਖ ਉਨ੍ਹਾਂ ਨੂੰ ਸਤਕਾਰ ਨਾਲ ਬਾਬਾ ਬੁਢਾ ਜੀ ਆਖਦੇ ਹਨ। ਬੁਢਾ ਜੀ ਨੇ ਸਿੱਖੀ ਧਾਰਨ ਕੀਤੀ ਉਹ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ। ਉਹ ਘਰ-ਬਾਰ ਛੱਡ ਕੇ ਗੁਰੂ ਜੀ ਦੇ ਦਰਬਾਰੇ ਰਹਿਣ ਲੱਗ ਪਏ। ਸਾਰਾ ਦਿਨ ਸੰਗਤਾਂ ਦੀ ਸੇਵਾ ਟਹਿਲ ਕਰਦੇ, ਖੇਤਾਂ ਵਿਚ ਜਾ ਕੇ ਖੇਤੀ ਬਾੜੀ ਦਾ ਕੰਮ ਨਿਬਾਹੁੰਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ' ਕਿਰਤ ਕਰਨ ਤੇ ਵੰਡ ਕੇ ਛਕਣ ਦੇ ਉਪਦੇਸ਼ ਨੂੰ ਕਮਾ ਕੇ ਵਿਖਾਇਆ। ਸੰਗਤਾਂ ਆਪ ਨੂੰ ਸਤਕਾਰ ਨਾਲ 'ਬਾਬਾ ਜੀ' ਆਖਣ ਲੱਗ ਪਈਆਂ।



ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਉਪਰ ਬਹੁਤ ਪਰਸੰਨ ਸਨ, ਇੰਨੇ ਪ੍ਰਸੰਨ ਕਿ ਜਦੋਂ ਆਪ ਨੇ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੌਂਪੀਂ, ਤਾਂ ਉਨ੍ਹਾਂ ਨੂੰ ਗੁਰਿਆਈ ਦੀ ਰਸਮ ਆਪ ਨੇ ਬਾਬਾ ਬੁਢਾ ਜੀ ਪਾਸੋਂ ਅਦਾ ਕਰਵਾਈ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁਢਾ ਜੀ ਹੀ ਅਦਾ ਕਰਦੇ ਰਹੇ।

ਭਗਤੀ ਕਮਾਈ ਦਾ ਸਦਕਾ ਬਾਬਾ ਜੀ ਨੇ ਆਤਮਿਕ ਉੱਚਤਾ ਪਰਾਪਤ ਕੀਤੀ। ਸਿਖ ਸੰਗਤਾਂ ਵਿਚ ਉਹਨਾਂ ਦਾ ਖਾਸ ਸਤਿਕਾਰ ਹੋਣ ਲੱਗ ਪਿਆ। ਜਦ ਪਹਿਲੀ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਮਗਰੋਂ ਵੀ ਸ੍ਰੀ ਗੁਰੂ ਅੰਗਦ ਦੇਵ ਗੁਪਤ-ਵਾਸ ਵਿੱਚ ਹੀ ਰਹੇ ਅਤੇ ਆਪ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਿਖ ਆਪ ਨੂੰ ਲਭ ਨਾ ਸਕੇ, ਤਾਂ ਮੁਖੀ ਸਿਖ ਬਾਬਾ ਬੁਢਾ ਜੀ ਪਾਸ ਪਹੁੰਚੇ, ਜੋ ਉਸ ਵੇਲੇ ਆਪਣੇ ਪਿੰਡ ਰਮਦਾਸ ਰਹਿੰਦੇ ਸਨ, ਅਤੇ ਬੇਨਤੀ ਕੀਤੀ ਕਿ ਆਪਣੀ ਆਤਮਕ ਸ਼ਕਤੀ ਵਰਤ ਕੇ ਪਤਾ ਕਰੋ ਕਿ ਗੁਰੂ ਜੀ ਕਿੱਥੇ ਹਨ ਅਤੇ ਫਿਰ ਉਨ੍ਹਾਂ ਨੂੰ ਪਰਗਟ ਹੋ ਕੇ ਦਰਸ਼ਨ ਦੇਣ ਲਈ ਪ੍ਰੇਰੋ। ਬਾਬਾ ਬੁਢਾ ਜੀ ਨੇ ਰਾਤ ਦੀ ਇਕਾਂਤ ਸਮੇਂ ਪਾਠ ਕਰ ਕੇ, ਗੁਰੂ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ। ਉਨ੍ਹਾਂ ਨੂੰ ਖਡੂਰ ਸਾਹਿਬ ਦੀ ਮਾਈ ਨਿਭਾਈ ਦੇ ਘਰ ਬਿਰਾਜ਼ ਰਹੇ ਗੁਰੂ ਜੀ ਦੇ ਦਰਸ਼ਨ ਹੋਏ। ਅਗਲੀ ਸਵੇਰ ਉਹ ਖਡੂਰ ਸਾਹਿਬ ਗਏ ਅਤੇ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਾਏ।

ਇਸੇ ਤਰ੍ਹਾਂ ਜਦ ਤੀਜੇ ਸਤਿਗੁਰੂ, ਦਾਤੂ ਦੇ ਕ੍ਰੋਧ ਤੇ ਈਰਖਾ ਕਰਨ ਕਰਕੇ ਬਾਸਰਕੇ ਜਾ ਕੇ ਗੁਪਤ ਹੋ ਬੈਠੇ ਸਨ, ਤਾਂ ਵੀ ਸੰਗਤਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਲਭੋ ਤੇ ਪ੍ਰਗਟ ਕਰੋ। ਜਿਸ ਕੋਠੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਬੈਠੇ ਸਨ, ਉਸ ਦੀ ਕੰਧ ਨੂੰ ਸਨ੍ਹ ਲਾ ਕੇ ਬਾਬਾ ਜੀ ਨੇ ਆਪ ਨੂੰ ਪ੍ਰੇਰਿਆ ਕਿ ਸੰਗਤਾਂ ਨੂੰ ਦਰਸ਼ਨ ਦਿਓ।

ਜਦ ਪੰਚਮ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਤਿਆਰੀ ਅਰੰਭੀ ਤਾਂ ਬਾਬਾ ਜੀ ਇਸ ਸਵਾ ਦੇ ਮੋਢੀ ਪ੍ਰਬੰਧਕ ਬਣੇ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਤ ਉਤਰ-ਪੂਰਬ ਦੀ ਬਾਹੀ ਵਲ 'ਬਾਬਾ ਬੁਢਾ ਜੀ' ਦੀ ਬੇਰੀ ਹੁਣ ਤੀਕ ਮੌਜੂਦ ਹੈ। ਇਸੇ ਬੇਰੀ ਹੇਠ ਬਹਿ ਕੇ ਉਹ ਸੰਗਤਾਂ ਪਾਸੋਂ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ। ਉਹ ਹੱਥੀ ਸੇਵਾ ਵੀ ਕਰਦੇ ਸਨ। ਸੰਗਤਾਂ ਨੂੰ ਕਹੀਆਂ, ਟੋਕਰੀਆਂ ਤੇ ਹੋਰ ਸਮਿਆਨ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਿਆ ਕਰਦੇ ਸਨ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਝਬਾਲ ਦੇ ਪਾਸ ਕਾਫੀ ਸਾਰੀ ਭੋਂ ਗੁਰੂ ਜੀ ਨੂੰ ਭੇਟ ਹੋਈ ਸੀ। ਏਥੇ ਗੁਰੂ ਸਾਹਿਬਾਂ ਦਾ ਮਾਲ ਡੰਗਰ ਚਰਿਆ ਕਰਦਾ ਸੀ। ਇਸ ਨੂੰ ਬੀੜ ਆਖਦੇ ਸਨ। ਇਸ ਬੀੜ ਦੀ ਤੇ ਇਸ ਵਿਚਲੇ ਮਾਲ ਡੰਗਰ ਦੀ ਸੰਭਾਲ ਬਾਬਾ ਬੁਢਾ ਜੀ ਨੂੰ ਸੌਂਪੀ ਗਈ। ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਇਸ ਬੀੜ ਵਿੱਚ ਗੁਰੂ ਘਰ ਦੀ ਸੇਵਾ ਕਰਦਿਆਂ ਗੁਜਾਰਿਆ। ਇਸ ਬੀੜ ਦਾ ਨਾਂ, ਬਾਬਾ ਬੁਢਾ ਜੀ ਦੀ ਬੀੜ ਜਾਂ ਬਾਬੇ ਦੀ ਬੀੜ ਪੈ ਗਿਆ। ਏਥੇ ਇਸ ਨਾਂ ਦਾ ਇਤਿਹਾਸਕ ਗੁਰਦੁਆਰਾ ਹੈ।

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਿਆਸ ਦੇ ਕੰਢੇ ਉੱਤੇ ਸ੍ਰੀ ਗੁਰੂ ਅਰਜਨ ਦੇਵ ਦੇ ਵਸਾਏ ਨਗਰ ਸ੍ਰੀ ਹਰਿਗੋਬਿੰਦ ਪੁਰ ਵਿਚ ਜਾ ਟਿਕੇ ਅਤੇ ਓਥੇ ਉਨ੍ਹਾਂ ਨੂੰ ਜੰਗ ਕਰਨਾ ਪਿਆ, ਤਾਂ ਬਾਬਾ ਬੁਢਾ ਜੀ ਆਪ ਦੇ ਦਰਸ਼ਨਾਂ ਲਈ ਸ੍ਰੀ ਹਰਿਗੋਬਿੰਦ ਪੁਰ ਗਏ। ਉੱਥੇ ਉਨ੍ਹਾਨੇਂ ਬੇਨਤੀ ਕੀਤੀ ਹੁਣ ਮੈਂ ਬਹੁਤ ਬਿਰਧ ਹੋ ਗਿਆ ਹਾਂ। ਬੀੜ ਦੀ ਸੇਵਾ ਤੋਂ ਛੁੱਟੀ ਬਖਸ਼ੋਂ ਅਤੇ ਆਗਿਆ ਕਰੋ ਕਿ ਮੈਂ ਆਪਣੇ ਪਿੰਡ ਰਮਦਾਸ ਜਾ ਕੇ ਭਜਨ ਬੰਦਗੀ ਕਰਦਾ ਉਮਰ ਦੇ ਅਖ਼ੀਰੀ ਦਿਨ ਬਿਤਾਵਾਂ। ਨਾਲ ਹੀ ਬਚਨ ਦਿਓ ਕਿ ਜਦੋਂ ਮੈਂ ਦਰਸ਼ਨਾਂ ਲਈ ਅਰਦਾਸ ਕਰਾਂ, ਆਪ ਨੇ ਜ਼ਰੂਰ ਬਹੁੜਨਾ।"

ਗੁਰੂ ਜੀ ਦੀ ਆਗਿਆ ਲੈ ਕੇ ਬਾਬਾ ਜੀ ਰਮਦਾਸ ਜਾ ਟਿਕੇ ਅਤੇ ਭਜਨ ਬੰਦਗੀ ਵਿੱਚ ਰੁਝ ਗਏ। ਅੰਤ ਨੂੰ ਉਨ੍ਹਾਂ ਨੇ ਪਰਤੀਤ ਕੀਤਾ ਕਿ ਸਾਡੀ ਸਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਇੱਕ-ਮਨ ਹੋ ਕੇ ਗੁਰੂ ਜੀ ਨੂੰ ਧਿਆਇਆ ਤੇ ਦਰਸ਼ਨਾਂ ਲਈ ਬੇਨਤੀ ਕੀਤੀ। ਗੁਰੂ ਜੀ ਝਟ ਆ ਬਹੁੜੇ। ਉਨ੍ਹਾਂ ਦੇ ਦਰਸ਼ਨ ਕਰ ਕੇ, ਅਸੀਸ ਲੈ ਕੇ, ਬਾਬਾ ਜੀ ੧੪ ਮੱਘਰ ਸੰਮਤ ੧੬੮੮ ਨੂੰ ਸਚਖੰਡ ਨੂੰ ਪਧਾਰ ਗਏ। ਉਨ੍ਹਾਂ ਦੀ ਉਮਰ ਉਸ ਵੇਲੇ ਸਵਾ ਸੌ ਸਾਲ ਤੋਂ ਵੱਧ ਸੀ।

# ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਸਤੰਬਰ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਸਤੰਬਰ ਮਹੀਨੇ ਦੀ ਕੁੱਲ ਆਮਦਨ- 5,09,315.00/-ਰੁਪਏ

ਸਤੰਬਰ ਮਹੀਨੇ ਦਾ ਕੁੱਲ ਖਰਚਾ - 3,05,179.82/-ਰੁਪਏ

2. **ਸਤੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨਦੇ ਗੁਰੂ ਘਰ ਵਿਖੇ ਭਾਦੋਂ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ 16 ਸਤੰਬਰ 2024 ਨੂੰ ਸ਼ਰਧਾਪੂਰਵਕ ਮਨਾਇਆ ਗਿਆ। ਕੀਰਤਨੀ ਜੱਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

3. **"ਗੁਰੂ ਲਾਧੋ ਰੇ" ਦਿਵਸ ਮਨਾਉਣ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30ਏ, ਚੰਡੀਗੜ੍ਹ ਵਿਖੇ "ਗੁਰੂ ਲਾਧੋ ਰੇ" ਦਿਵਸ 20 ਅਕਤੂਬਰ 2024 ਦਿਨ ਐਤਵਾਰ ਨੂੰ ਬੜੀ ਹੀ ਸ਼ਰਧਾ ਅਤੇ ਉਤਸਾਹ ਨਾਲ ਮਨਾਇਆ ਜਾ ਰਿਹਾ ਹੈ। ਲੁਬਾਣਾ ਬਰਾਦਰੀ ਨਾਲ ਜੁੜੇ ਹੋਏ ਸਾਰੇ ਮੈਂਬਰਾਂ ਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਿਵਸ 'ਤੇ ਪਰਿਵਾਰ ਸਮੇਤ ਆਪਣੀ ਹਾਜ਼ਰੀ ਜ਼ਰੂਰ ਭਰਨ ਦੀ ਕ੍ਰਿਪਾਲਤਾ ਕਰਨੀ ਜੀ ।

4. **ਵਰਕਿੰਗ ਕਮੇਟੀ ਦੀ ਮੀਟਿੰਗ** - ਵਰਕਿੰਗ ਕਮੇਟੀ ਦੀ ਦੂਸਰੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਿਖੇ 21.09.2024 ਦਿਨ ਸ਼ਨੀਵਾਰ ਨੂੰ ਹੋਈ। ਜਿਸ ਵਿਚ 17 ਮੈਂਬਰ ਹਾਜ਼ਰ ਸਨ ਅਤੇ ਮੀਟਿੰਗ ਵਿਚ ਏਜੰਡੇ ਮੁਤਾਬਿਕ ਵਿਚਾਰ-ਚਰਚਾ ਹੋਈ ਅਤੇ ਹਾਜ਼ਰ ਮੈਂਬਰਾਂ ਵੱਲੋਂ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਗਏ। ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਭਾਈ ਲੱਖੀ ਸ਼ਾਹ ਬਲਾਕ ਦੇ ਬਿਲਡਿੰਗ ਪਲਾਨ ਅਤੇ ਸਾਰੇ ਭਵਨ ਦੇ ਰਿਵਾਇਜ਼ ਬਿਲਡਿੰਗ ਪਲਾਨ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ ਅਤੇ ਭਾਈ ਲੱਖੀ ਸ਼ਾਹ ਬਲਾਕ ਸੰਬੰਧੀ ਜੋ ਨਵਾਂ ਨਕਸ਼ਾ ਬਣਾਇਆ ਗਿਆ ਹੈ ਉਸ ਨੂੰ ਵਰਕਿੰਗ ਕਮੇਟੀ ਮੈਂਬਰਾਂ ਦੇ ਸਨਮੁੱਖ ਪੇਸ਼ ਕੀਤਾ ਗਿਆ। ਸਾਰੇ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਆਪਣੀ ਸਹਿਮਤੀ ਪ੍ਰਗਟ ਕੀਤੀ ਗਈ।



5. **ਕਮੇਟੀਆਂ ਦਾ ਗਠਨ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਚੰਡੀਗੜ੍ਹ ਦੀਆਂ Constitution Amendment-9 ਮੈਂਬਰੀ ਕਮੇਟੀ, Finance Committee-10 ਮੈਂਬਰੀ ਕਮੇਟੀ ਅਤੇ Disposal Committee -5 ਮੈਂਬਰੀ ਕਮੇਟੀਆਂ ਦਾ ਗਠਨ ਕੀਤਾ ਗਿਆ ਅਤੇ ਇਹ ਕਮੇਟੀਆਂ ਆਪਣੀ ਰਿਪੋਰਟ ਜਲਦੀ ਹੀ ਪੇਸ਼ ਕਰਨਗੀਆਂ, ਤਾਂ ਕਿ ਉਸ ਉੱਪਰ ਕਾਰਵਾਈ ਕੀਤੀ ਜਾ ਸਕੇ।

6. **ਮੋਬਾਇਲ ਵੈਨ** - ਮੋਬਾਇਲ ਵੈਨ ਸੰਬੰਧੀ ਇਸ ਵਿਸ਼ਾ ਆਉਂਦੀ ਕਾਰਜਕਾਰਨੀ ਕਮੇਟੀ ਵਿਚ ਵਿਚਾਰਿਆ ਜਾਵੇਗਾ ਅਤੇ ਇਸ ਵਿਚ ਅੰਤਿਮ ਫੈਸਲਾ ਲੈ ਲਿਆ ਜਾਵੇਗਾ।

7. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਨਾ ਭਵਨ ਵਿਖੇ ਡੈਂਟਲ ਕਲੀਨਿਕ ਦੀ ਡਾ. ਅਵਨੀਤ ਬਾਨੀ ਲਾਂਬਾ, ਜੋ ਕਿ ਹੁਣ ਆਪਣੀ ਸਟੱਡੀ ਦੇ ਕਾਰਨ ਵਜੋਂ ਡੈਂਟਲ ਕਲੀਨਿਕ ਨਹੀਂ ਚਲਾ ਸਕਦੇ ਅਤੇ ਉਹਨਾਂ ਵਲੋਂ ਡੈਂਟਲ ਦੀਆਂ ਸੇਵਾਵਾਂ ਭਵਨ ਵਿਖੇ ਨਹੀਂ ਹੋਣਗੀਆਂ। ਹੁਣ ਅਕਤੂਬਰ ਮਹੀਨੇ ਤੋਂ ਡੈਂਟਲ ਕਲੀਨਿਕ ਦੀਆਂ ਸੇਵਾਵਾਂ ਦੁਬਾਰਾ ਸ਼ੁਰੂ ਕਰਨ ਲਈ ਐਮ.ਡੀ.ਐਸ. ਡਾਕਟਰ ਦੀ ਭਾਲ ਕੀਤੀ ਜਾ ਚੁੱਕੀ ਹੈ ਅਤੇ ਜਲਦੀ ਹੀ ਇਹ ਸੇਵਾਵਾਂ ਫ਼ਿਰ ਸ਼ੁਰੂ ਕਰ ਦਿੱਤੀਆਂ ਜਾਣਗੀਆਂ।

8. **ਭਵਨ ਵਿੱਚ ਕੀਤੇ ਕੰਮਾਂ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਸਾਇਨ ਬੋਰਡ ਜੋ ਕਿ ਪਿਛਲੇ ਕਾਫ਼ੀ ਸਮੇਂ ਤੋਂ ਖ਼ਰਾਬ ਪਿਆ ਸੀ ਤੇ ਫਿੱਕਾ ਹੋ ਗਿਆ ਸੀ, ਪ੍ਰਧਾਨ ਜੀ ਵਲੋਂ ਦਿੱਤੇ ਗਏ ਆਦੇਸ਼ਾਂ ਅਨੁਸਾਰ ਇਸ ਨੂੰ ਬਦਲ ਕੇ ਹੁਣ ਨਵਾਂ ਬੋਰਡ ਲਗਾ ਦਿੱਤਾ ਗਿਆ ਹੈ। ਭਵਨ ਵਿਖੇ ਲੱਗੀ ਹੋਈ ਲਿਫ਼ਟ ਦੀ ਵੀ Annual Contract Renew ਕਰਵਾ ਲਿਆ ਗਿਆ ਹੈ। ਭਾਈ ਲੱਖੀ ਸ਼ਾਹ ਬਲਾਕ ਅਤੇ ਭਵਨ ਵਿਖੇ Fire Extinguisher Cylinder Refill ਕਰਵਾ ਲਏ ਗਏ ਹਨ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**ਸੁਰਿੰਦਰ ਕੌਰ** : ਸੁਰਿੰਦਰ ਕੌਰ (ਕੁਕੂ) ਨੇ ਐਚ.ਐਮ.ਵੀ. ਕਾਲਜ ਜਲੰਧਰ ਤੋਂ 1972 ਦੇ ਪ੍ਰੀ-ਮੈਡੀਕਲ ਇਮਤਿਹਾਨ ਵਿੱਚ ਆਪਣੀ ਕਲਾਸ ਵਿੱਚੋਂ ਟਾਪ ਕੀਤਾ। ਉਪ੍ਰੰਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐਮ.ਐਸ.ਸੀ. ਕੈਮਿਸਟਰੀ (ਆਨਰਜ਼) ਦੀ ਡਿਗਰੀ 1976 ਵਿੱਚ 65.5% ਅੰਕ ਲੈ ਕੇ ਪ੍ਰਾਪਤ ਕੀਤੀ। ਉਸੇ ਸਾਲ ਅਗਸਤ ਵਿੱਚ ਡੀ.ਐਮ. ਕਾਲਜ, ਮੋਗਾ ਵਿਖੇ ਲੈਕਚਰਾਰ ਲੱਗ ਗਈ। ਅਗਲੇ ਸਾਲ ਅਕਤੂਬਰ, 1977 ਵਿੱਚ ਲਾਇਲਪੁਰ ਖਾਲਸਾ ਕਾਲਜ (ਬੋਆਇਜ਼) ਜਲੰਧਰ ਵਿਖੇ ਲੈਕਚਰਾਰ ਸਿਲੈਕਟ ਹੋ ਗਈ। ਉਸ ਦਾ ਉਦੋਂ ਏਥੇ ਪੰਜਾਬ ਦੇ ਸਿੱਖਿਆ ਮੰਤਰੀ ਦੇ ਇਕ ਉਮੀਦਵਾਰ ਨਾਲ ਮੁਕਾਬਲਾ ਸੀ ਜਿਸ ਲਈ ਕਾਲਜ ਪ੍ਰਿੰਸੀਪਲ ਅਤੇ ਕਾਲਜ ਕਮੇਟੀ ਵੀ ਜ਼ੋਰ ਪਾ ਰਹੀ ਸੀ। ਭਲੇ ਨੂੰ ਗੌਰਮਿੰਟ ਮਾਹਿਰ ਮੈਂਬਰ ਮਿਸਜ਼ ਹਰਬੰਸ ਸਰਵਨ ਸਿੰਘ ਪ੍ਰਿੰਸੀਪਲ ਗੌਰਮਿੰਟ ਕਾਲਜ (ਇਸਤਰੀਆਂ) ਲੁਧਿਆਣਾ ਆ ਗਏ ਅਤੇ ਇੱਕ ਮਿੰਟ ਲਈ ਮੈਨੂੰ ਉਥੇ ਹੀ ਬਾਹਰ ਖੜ੍ਹੇ ਨੂੰ ਮਿਲ ਪਏ। ਉਨ੍ਹਾਂ ਦੇ ਪਤੀ ਪ੍ਰਿੰ. ਸਰਵਨ ਸਿੰਘ ਤਾਂ ਮੇਰੇ ਮਿੱਤਰ ਹਨ ਅਤੇ ਅਸੀਂ ਦੋਵੇਂ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਰਾਂਝਾ ਸਾਹਿਬ ਕਰਕੇ ਇੱਕ ਦੂਜੇ ਨੂੰ ਬੜੀ ਚੰਗੀ ਤਰ੍ਹਾਂ ਜਾਣਦੇ ਹਾਂ। ਸਰਕਾਰੀ ਮਾਹਿਰ ਨੇ ਕਿਸੇ ਦੀ ਪੇਸ਼ ਨਾ ਜਾਣ ਦਿੱਤੀ ਅਤੇ ਸੁਰਿੰਦਰ ਦੀ ਸਿਲੈਕਸ਼ਨ ਮੈਰਿਟ ਦੇ ਆਧਾਰ 'ਤੇ ਹੋ ਗਈ। 2007 ਵਿਚ ਉਸ ਦੀ ਐਚ.ਓ.ਡੀ. ਵਜੋਂ ਪ੍ਰੋਮੋਸ਼ਨ ਹੋ ਗਈ। ਇਸ ਕਾਲਜ ਦੀ 37 ਸਾਲਾਂ ਤੋਂ ਵੱਧ ਸੇਵਾ ਕਰਕੇ ਨਾਮਨਾ ਖਟਿਆ ਅਤੇ ਬਤੌਰ ਵਾਇਸ ਪ੍ਰਿੰਸੀਪਲ 31.01.2015 ਨੂੰ ਸੇਵਾ ਮੁਕਤ ਹੋਏ। ਇਸ ਤੋਂ ਪਹਿਲਾਂ 2009 ਵਿੱਚ ਉਸ ਦਾ ਬੇਟਾ ਇੰਜ: ਤਰਨਜੀਤ ਸਿੰਘ ਲਾਇਲਪੁਰ ਖਾਲਸਾ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਜਲੰਧਰ ਵਿੱਚ ਬਤੌਰ ਅਸਿਸਟੈਂਟ ਪ੍ਰੋਫੈਸਰ ਸਿਲੈਕਟ ਹੋ ਗਿਆ ਜੋ ਆਪਣੀ ਮਾਤਾ ਜੀ ਵਾਂਗ ਸਮਰਪਨ ਦੀ ਭਾਵਨਾ ਨਾਲ ਇਸ ਸੰਸਥਾ ਦੀ ਸੇਵਾ ਕਰਦਾ ਰਹੇਗਾ। 1980 ਵਿੱਚ ਕੁਕੂ ਦੀ ਪੇਂਟਿੰਗ ਕਰਨ ਦੀ ਕਲਾ ਦਾ ਪਤਾ ਲੱਗਾ ਅਤੇ ਉਸ ਨੇ ਦੋ ਦਰਜਨ ਦੇ ਕਰੀਬ ਸੀਨਰੀਆਂ ਅਤੇ ਪੋਰਟਰੇਟ ਪੇਂਟ ਕਰਕੇ ਸਾਰਾ ਘਰ ਭਰ ਦਿੱਤਾ। ਉਸ ਦੇ ਹੱਥ ਦੀ ਸਫਾਈ ਸੱਚਮੁੱਚ ਪ੍ਰਸ਼ੰਸ਼ਾਯੋਗ ਹੈ।

**ਜਸਵਿੰਦਰ ਸਿੰਘ** : ਜਸਵਿੰਦਰ ਨੇ 1972 ਵਿੱਚ ਗੌਰਮਿੰਟ ਹਾਈ ਸਕੂਲ ਨਡਾਲਾ (ਕਪੂਰਥਲਾ) ਤੋਂ 900 ਵਿੱਚੋਂ 563 (62.5%) ਅੰਕ ਲੈ ਕੇ ਫਸਟ ਡਵੀਜ਼ਨ ਵਿੱਚ ਮੈਟਰਿਕ ਪਾਸ ਕੀਤੀ। ਰਣਧੀਰ ਗੌਰਮਿੰਟ ਕਾਲਜ ਕਪੂਰਥਲਾ ਤੋਂ 1976 ਵਿੱਚ ਏ ਕੋਰਸ ਗਣਿਤ ਅਤੇ ਇਕਨਾਮਿਕਸ ਨਾਲ 54.6% ਨੰਬਰ ਲੈ ਕੇ ਬੀ.ਏ. ਦਾ ਇਮਤਿਹਾਨ ਪਾਸ ਕੀਤਾ। 1978 ਵਿੱਚ ਡੀ.ਏ. ਵੀ ਕਾਲਜ, ਜਲੰਧਰ ਤੋਂ ਐਮ.ਏ. ਇਕਨਾਮਿਕਸ ਵਿੱਚ 50% ਅੰਕ ਲਏ। 1979 ਵਿੱਚ ਪੀ.ਸੀ.ਐਸ. ਲਿਖਤੀ ਪੇਪਰਾਂ ਵਿੱਚ 625 ਵਿੱਚੋਂ 319 ਨੰਬਰ ਲਏ ਪਰ ਵਾਈਵੇ ਵਿੱਚ 200 ਵਿੱਚੋਂ ਕੇਵਲ 68 ਨੰਬਰ ਮਿਲੇ। ਏਸੇ ਤਰ੍ਹਾਂ 1984 ਵਿੱਚ ਇਕ ਵਾਰ ਫਿਰ ਇਸ ਮੁਕਾਬਲੇ ਦੇ ਲਿਖਤੀ ਪੇਪਰਾਂ ਵਿੱਚ 625 ਵਿੱਚੋਂ 363 ਅੰਕ ਪ੍ਰਾਪਤ ਕੀਤੇ। ਪਰ ਵਾਈਵੇ ਵਿੱਚ 75 ਵਿੱਚੋਂ ਕੇਵਲ 23 ਨੰਬਰ ਹੀ ਮਿਲੇ ਅਤੇ ਟੋਟਲ 55.85% ਰਿਹਾ। ਮਾਇਆ ਦੀ ਘਾਟ ਕਰਕੇ ਸਿਲੈਕਸ਼ਨ ਨਹੀਂ ਹੋ ਸਕੀ। ਮਿਤੀ 16 ਅਗਸਤ, 1980 ਨੂੰ ਇੰਸਪੈਕਟਰ ਕੋਆਪ੍ਰੇਟਿਵ ਸੋਸਾਇਟੀ ਸਿਲੈਕਟ ਹੋ ਕੇ ਕੋਆਪ੍ਰੇਟਿਵ ਟਰੇਨਿੰਗ ਕਾਲਜ ਰਾਜਪੁਰ (ਦਿਹਰਾਦੂਨ) ਟਰੇਨਿੰਗ ਲਈ ਚਲਾ ਗਿਆ ਅਤੇ 14 ਮਈ, 1981 ਨੂੰ ਪਹਿਲੀ ਨਿਯੁਕਤੀ ਜ਼ੀਰਾ ਵਿਖੇ ਹੋਈ। 1983 ਵਿੱਚ ਕਪੂਰਥਲੇ ਬਦਲੀ ਹੋ ਗਈ। 1989 ਵਿੱਚ ਇੰਸਪੈਕਟਰ ਕਰ ਅਤੇ ਆਬਕਾਰੀ ਦੀ ਸਿਲੈਕਸ਼ਨ ਵੇਲੇ ਆਪਣੇ 54 ਉਮੀਦਵਾਰਾਂ ਦੇ ਬੈਂਚ ਵਿੱਚ ਟਾਪ ਕੀਤਾ ਅਤੇ 20 ਦਸੰਬਰ, 1989 ਨੂੰ ਆਬਕਾਰੀ ਸੈਕਸ਼ਨ ਜੌਆਇਨ ਕਰ ਲਿਆ। ਮਿਤੀ 10 ਨਵੰਬਰ, 2004 ਨੂੰ ਈ.ਟੀ.ਓ. ਵਜੋਂ ਪ੍ਰੋਮੋਸ਼ਨ ਹੋ ਗਈ। ਲਗਭਗ ਪੰਜ ਛੇ ਜ਼ਿਲ੍ਹਾ ਹੈੱਡਕੁਆਰਟਰਾਂ, ਹਮੀਰਾ ਅਤੇ ਖਾਸਾ ਡਿਸਟਿੱਲਰੀ ਵਿਖੇ ਸੇਵਾ ਕਰਨ ਉਪਰੰਤ ਨਵੰਬਰ, 2011 ਵਿੱਚ ਕਪੂਰਥਲੇ ਬਦਲੀ ਹੋ ਗਈ। ਤਿੰਨ ਸਾਲ ਤੋਂ ਵੱਧ ਸਮੇਂ ਦੌਰਾਨ ਏਥੇ ਰਹਿ ਕੇ ਘਰ ਦੇ ਪਿਛਲੇ ਪਾਸੇ ਦੀ ਭੰਨ ਤੋੜ ਕਰਕੇ ਸੁੰਦਰ ਤੇ ਖੁੱਲ੍ਹਾ ਦੋ ਮੰਜ਼ਿਲਾ ਪੋਰਸ਼ਨ ਤਿਆਰ ਕਰ ਲਿਆ। ਸਾਰੇ ਘਰ ਦੇ ਵਿਹੜੇ ਵਿੱਚ ਟਾਈਲਿੰਗ ਕਰਵਾ ਦਿੱਤੀ ਅਤੇ ਚਾਰ ਦੀਵਾਰੀ ਦੀ ਕਾਇਆ ਕਲਪ ਕਰ ਦਿੱਤੀ। ਨਾਲ ਹੀ ਬੇਟੀ ਜਸਮੀਨ ਦੀ ਸ਼ਾਦੀ ਕਰ ਦਿੱਤੀ ਜਿਸ ਵਿੱਚ ਆਪਣੀਆਂ ਸਾਰੀਆਂ ਰੀਝਾਂ ਪੂਰੀਆਂ ਕਰ ਲਈਆਂ। ਇਸ ਵਿਭਾਗ ਦੀ 26 ਸਾਲ ਸੇਵਾ ਕਾਲ ਦੌਰਾਨ ਆਬਕਾਰੀ ਸੈਕਸ਼ਨ ਵਿੱਚ ਹੀ ਰਹੇ ਜਿੱਥੇ ਦੇ ਉਹ ਮਾਹਿਰ ਗਿਣੇ ਜਾਂਦੇ ਸਨ। ਫਰਵਰੀ 2015 ਤੋਂ ਸੇਵਾ ਕਾਲ ਵਿੱਚ ਦੋ ਸਾਲ ਦੀ ਐਕਸਟੈਂਸ਼ਨ ਮਿਲ ਗਈ। ਪੰਜਾਬ ਵਿੱਚ ਪ੍ਰੋਮੋਸ਼ਨਜ਼ ਬੈਨ ਹੋਣ ਕਰਕੇ ਸਹਾਇਕ

ਕਮਿਸ਼ਨਰ ਨਹੀਂ ਬਣ ਸਕੇ। ਇਨ੍ਹਾਂ ਦੇ ਵੱਡੇ ਬੇਟੇ ਜਸਪ੍ਰੀਤ ਸਿੰਘ ਨੇ ਐਮ.ਬੀ.ਏ. ਅਤੇ ਛੋਟੇ ਬੇਟੇ ਤੇਜਬੀਰ ਸਿੰਘ ਨੇ ਡੀ.ਏ. ਵੀ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਜਲੰਧਰ ਤੋਂ ਸਿਵਲ ਇੰਜੀਨੀਅਰਿੰਗ ਦੀ ਡਿਗਰੀ 2016 ਵਿੱਚ 66% ਅੰਕ ਲੈ ਕੇ ਪ੍ਰਾਪਤ ਕੀਤੀ। ਸੁਪਤਨੀ ਭੁਪਿੰਦਰ ਕੌਰ ਨੇ ਡਬਲ ਐਮ.ਏ., ਬੀ.ਐਡ. ਕਰਕੇ ਵੀ ਸਰਵਿਸ ਨਹੀਂ ਕੀਤੀ। ਜਸਪ੍ਰੀਤ ਦੀ ਮਿਤੀ 24.12.2017 ਨੂੰ ਇੰਗਲੈਂਡ ਦੀ ਕੁੜੀ ਰੁਪਿੰਦਰਜੀਤ ਨਾਲ ਸ਼ਾਦੀ ਹੋ ਗਈ ਅਤੇ ਉਹ 4.10.2018 ਨੂੰ ਬਰਮਿੰਘਮ ਪਹੁੰਚ ਕੇ ਇਕ ਚੰਗੇ ਕੰਮ ਤੇ ਲਗ ਗਿਆ ਹੈ।

**ਰਵਿੰਦਰ ਕੌਰ :** ਰਵਿੰਦਰ (ਰਾਜੂ) ਚੰਡੀਗੜ੍ਹ ਦੇ ਸੈਕਟਰ 10 ਦੇ ਇੱਕ ਨਰਸਰੀ ਸਕੂਲ ਵਿੱਚ ਪੜ੍ਹਦੀ ਸੀ ਜਦੋਂ 1972 ਵਿੱਚ ਉਸ ਨੂੰ ਨਡਾਲੇ ਆਉਣਾ ਪਿਆ। ਨਡਾਲਾ ਤੋਂ ਹਰ ਰੋਜ਼ ਬਸ ਤੇ ਕਪੂਰਥਲਾ ਦੇ ਪ੍ਰੀਤਾ ਲੀ ਲੈਸਨ ਸਕੂਲ ਵਿਖੇ ਜਾਇਆ ਕਰਦੀ ਸੀ। ਕਪੂਰਥਲਾ ਆ ਕੇ 1976 ਵਿੱਚ ਨੈਸ਼ਨਲ ਪਬਲਿਕ ਸਕੂਲ ਤੋਂ ਨੌਵੀਂ ਕਲਾਸ ਦਾ ਪੰਜਾਬ ਸਕੂਲ ਬੋਰਡ ਦਾ ਇਮਤਿਹਾਨ 68% ਅੰਕ ਲੈ ਕੇ ਪਾਸ ਕੀਤਾ। ਅਗਲੇ ਸਾਲ 1977 ਵਿੱਚ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਕਪੂਰਥਲਾ ਤੋਂ ਪੰਜਾਬ ਸਕੂਲ ਬੋਰਡ ਦੇ ਮੈਟਰਿਕ (ਦਸਵੀਂ) ਦੇ ਇਮਤਿਹਾਨ ਵਿੱਚ 72.5% ਨੰਬਰ ਲੈ ਕੇ ਕਪੂਰਥਲਾ ਜ਼ਿਲ੍ਹੇ ਦੀਆਂ ਲੜਕੀਆਂ ਵਿੱਚ ਟਾਪ ਕੀਤਾ। ਮੈਟਰਿਕ ਪਾਸ ਕਰਨ ਤੋਂ ਬਾਅਦ ਰਣਧੀਰ ਗੌਰਮਿੰਟ ਕਾਲਜ ਵਿੱਚ ਦਾਖਲਾ ਲੈ ਲਿਆ ਜਿੱਥੇ 1979 ਵਿੱਚ ਪ੍ਰੀ-ਮੈਡੀਕਲ ਇਮਤਿਹਾਨ ਵਿੱਚ 62% ਅੰਕ ਪ੍ਰਾਪਤ ਕੀਤੇ ਪਰ ਉਮਰ ਘਟ ਹੋਣ ਕਰਕੇ ਪੀ.ਐਮ.ਟੀ. ਵਿੱਚ ਨਾ ਬੈਠ ਸਕੀ। 1980 ਵਿੱਚ ਪ੍ਰੀ-ਇੰਜੀਨੀਰਿੰਗ ਦੇ ਕੇਵਲ ਗਣਿਤ ਵਿਸ਼ੇ ਦੇ ਇਮਤਿਹਾਨ ਵਿੱਚ 77.3% ਨੰਬਰ ਲਏ। ਰਣਧੀਰ ਗੌਰਮਿੰਟ ਕਾਲਜ ਵਿੱਚ ਉਹ ਬੀ.ਐਸ.ਸੀ. ਕਲਾਸ ਵਿੱਚ ਕਾਲਜ ਹੈੱਡ ਗਰਲ ਸੀ ਅਤੇ 1981 ਵਿੱਚ ਸਾਰੇ ਕਾਲਜ ਦੇ ਵਿਦਿਆਰਥੀਆਂ ਦੀ ਚੋਣ ਵਿੱਚ ਜਿੱਤ ਪ੍ਰਾਪਤ ਕਰਕੇ ਸਟੂਡੈਂਟਸ ਸੈਂਟਰਲ ਐਸੋਸੀਏਸ਼ਨ ਦੀ ਸੈਕਟਰੀ ਚੁਣੀ ਗਈ। 1982 ਵਿੱਚ ਬੀ.ਐਸ.ਸੀ. (ਫਾਈਨਲ) ਵਿੱਚ 64% ਅੰਕ ਪ੍ਰਾਪਤ ਕੀਤੇ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਖੇ ਸਿਵਲ ਇੰਜੀਨੀਅਰਿੰਗ ਬ੍ਰਾਂਚ ਵਿੱਚ ਦਾਖਲਾ ਲੈਣ ਵਿੱਚ ਸਫਲ ਹੋਈ। ਏਥੇ ਉਹ ਆਪਣੀ ਕਲਾਸ ਵਿੱਚ ਇਕੱਲੀ ਲੜਕੀ ਸੀ। ਉਸ ਨੇ ਕਾਲਜ ਦੇ ਗੀਤ ਸੰਗੀਤ, ਨਾਟਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਜੀ ਭਰ ਕੇ ਭਾਗ ਲਿਆ। 1986 ਵਿੱਚ ਪੰਜਾਬ ਯੂਨੀਵਰਸਿਟੀ ਦੀ ਬੀ.ਈ. (ਸਿਵਲ) ਦੀ ਡਿਗਰੀ 64.76% ਅੰਕਾਂ ਨਾਲ ਪ੍ਰਾਪਤ ਕੀਤੀ।

**(ਚਲਦਾ)**

*****

# ਖੁਸ਼ਖਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

## ਜ਼ਿੰਦਗੀ ਵਿਚ ਅਜਿਹਾ ਕਰੋ ਕਿ ਤੁਹਾਨੂੰ ਛੱਡਣ ਵਾਲਾ ਹੀ ਪਛਤਾਵੇ।

# ਲੁਬਾਣਿਆਂ ਦੀਆਂ ਗੋਤਾਂ ਅਤੇ ਅੱਲਾਂ

**ਸੁਰਿੰਦਰ ਸਿੰਘ ਰੂਬੀ (ਸੰਪਾਦਕ)**

ਅੰਗਰੇਜ਼ ਲਿਖਾਰੀ ਡੈਨਜਿਲ ਇਬਸਟਨ ਦੀ ਕਿਤਾਬ ਪੰਜਾਬ ਕਾਸਟਸ ਦੇ ਪੰਨਾਂ ਨੰਬਰ 255 ਤੇ ਦਰਜ ਹੈ ਕਿ 'ਪੰਜਾਬ ਵਿਚ ਲੁਬਾਣਾ ਬਰਾਦਰੀ ਦੇ ਲੋਕ ਹਿੰਦੂ, ਸਿੱਖ ਅਤੇ ਮੁਸਲਮਾਨ ਵੀ ਸਨ। ਬ੍ਰਿਟਿਸ਼ ਰਾਜ ਦੇ ਸ਼ੁਰੂ ਵਿਚ ਹਿੰਦੂ ਲੁਬਾਣਿਆਂ ਦੀ ਗਿਣਤੀ ਸਿੱਖ ਲੁਬਾਣਿਆਂ ਤੋਂ ਬਹੁਤ ਜ਼ਿਆਦਾ ਸੀ। ਮੁਸਲਮਾਨ ਲੁਬਾਣੇ ਬਹੁਤ ਘੱਟ ਸਨ।"

ਐਮ.ਏ. ਸ਼ੇਰਰਿੰਗ ਦੀ ਪੁਸਤਕ 'ਹਿੰਦੂ ਟ੍ਰਾਇਬਿਸ ਐਂਡ ਕਾਸਟਸ', ਕੋਸਮੋ ਪਬਲੀਕੇਸ਼ਨ ਦਿੱਲੀ 1879 ਦੇ ਪੰਨਾ 69 ਅਨੁਸਾਰ 1868 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਇਹਨਾਂ ਨੂੰ ਹਿੰਦੂ ਲੁਬਾਣਿਆਂ ਵਿਚ ਸ਼ਾਮਲ ਕੀਤਾ ਗਿਆ।

ਡੈਨਜਿਸ ਚਾਰਲਸ ਜੇਲਫ ਇਬਟਸਨ ਦੀ ਰਿਪੋਰਟ ਆਨ ਦੀ ਸੈਨਸਿਸ ਆਫ਼ ਪੰਜਾਬ 1881 ਜਿਲਦ 2 ਪੰਨਾ 27-28 ਅਨੁਸਾਰ 1881 ਈ. ਵਿਚ ਪੰਜਾਬ ਵਿਚ ਲੁਬਾਣਾ ਬਰਾਦਰੀ ਦੀ ਕੁਲ ਗਿਣਤੀ 48,489 ਸੀ। ਇਨ੍ਹਾਂ ਵਿਚੋਂ 69.34 ਪ੍ਰਤੀਸ਼ਤ ਹਿੰਦੂ ਲੁਬਾਣੇ, 25.57 ਪ੍ਰਤੀਸ਼ਤ ਸਿੱਖ ਲੁਬਾਣੇ ਅਤੇ 3.09 ਪ੍ਰਤੀਸ਼ਤ ਮੁਸਲਮਾਨ ਲੁਬਾਣੇ ਸਨ।

ਈ.ਡੀ. ਮੈਕਲਾਗਨ, ਰਿਪੋਰਟ ਆਨ ਦੀ ਸੈਨਸਸ ਆਫ਼ ਇੰਡੀਆ 1921 ਅੰਕ 15 ਭਾਗ 2 ਅਨੁਸਾਰ "ਇਹ ਬਰਾਦਰੀ ਬਹੁਤ ਜਲਦੀ ਸਿੱਖ ਧਰਮ ਦੇ ਪ੍ਰਭਾਵ ਹੇਠ ਆ ਰਹੀ ਸੀ ਜਿਸ ਕਰਕੇ 1921 ਈ. ਵਿਚ ਸਿੱਖ ਲੁਬਾਣਿਆਂ ਦੀ ਗਿਣਤੀ 77.51 ਪ੍ਰਤੀਸ਼ਤ ਹੋ ਗਈ, ਹਿੰਦੂ ਲੁਬਾਣਿਆਂ ਦੀ ਗਿਣਤੀ 15.28 ਪ੍ਰਤੀਸ਼ਤ ਅਤੇ ਮੁਸਲਮਾਨ ਲੁਬਾਣਿਆਂ ਦੀ ਗਿਣਤੀ 7.21 ਪ੍ਰਤੀਸ਼ਤ ਰਹਿ ਗਈ। ਸਿੱਖ ਲੁਬਾਣਿਆਂ ਦੀ ਗਿਣਤੀ ਹਿੰਦੂ ਲੁਬਾਣਿਆਂ ਦੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਕਾਰਨ ਵੱਧੀ।"

ਐਲ ਗਿਡਲਟਨ ਐਂਡ ਐਸ.ਐਮ. ਜੈਕੋਬ ਰਚਿਤ "ਰਿਪੋਰਟ ਆਨ ਦੀ ਸੈਨਸਸ ਆਫ਼ ਇੰਡੀਆ 1921 ਅੰਕ 15 ਭਾਗ 1 ਪੰਨਾ 184 ਤੇ ਲਿਖਦੇ ਹਨ ਕਿ 1921 ਈ. ਵਿਚ ਪੰਜਾਬ ਵਿਚ ਲੁਬਾਣਾ ਬਰਾਦਰੀ ਦੀ ਕੁਲ ਗਿਣਤੀ 56316 ਸੀ। ਇਨ੍ਹਾਂ ਵਿਚੋਂ ਸਿੱਖ ਲੁਬਾਣੇ 43,648, ਹਿੰਦੂ ਲੁਬਾਣੇ 8,606 ਅਤੇ ਮੁਸਲਮਾਨ ਲੁਬਾਣੇ 4062 ਸਨ।"

1881 ਤੋਂ 1921 ਤੱਕ ਸਿੱਖਾਂ ਦੀ ਕੁਲ ਗਿਣਤੀ ਵਿਚ 82.28 ਪ੍ਰਤੀਸ਼ਤ ਦਾ ਵਾਧਾ ਹੋਇਆ ਜਦੋਂ ਕਿ ਲੁਬਾਣੇ ਸਿੱਖਾਂ ਦੀ ਗਿਣਤੀ ਵਿਚ ਇਹ ਵਾਧਾ 234.04 ਪ੍ਰਤੀਸ਼ਤ ਹੋਇਆ। ਇਸ ਦਾ ਮੁੱਖ ਕਾਰਨ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਵੱਲੋਂ ਲੁਬਾਣੇ ਸਿੱਖਾਂ ਨੂੰ ਸਿੱਖੀ ਨਾਲ ਜੋੜਨਾ ਸੀ। ਕੇਸਾਧਾਰੀ ਲੁਬਾਣਿਆਂ ਨੂੰ ਪਹਿਲ ਦੇ ਅਧਾਰ ਤੇ ਬ੍ਰਿਟਿਸ਼ ਸੈਨਾ ਵਿਚ ਭਰਤੀ ਕਰਨਾ, ਇਕ ਹੋਰ ਮਹੱਤਵਪੂਰਨ ਕਾਰਨ ਸੀ, ਜਿਸ ਕਰਕੇ ਸਿੱਖ ਲੁਬਾਣਿਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ।

ਲੁਬਾਣਾ ਬਰਾਦਰੀ ਮੁੱਖ ਤੌਰ 'ਤੇ 11 ਗੋਤਾਂ ਵਿਚ ਵੰਡੀ ਹੋਈ ਸੀ। ਡਬਲਿਯੂ ਕਰੂਨ ਦੀ ਪੁਸਤਕ "ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਨਾਰਥ ਵੈਸਟਰਨ ਇੰਡੀਆ" ਪੰਨਾ 158 ਅਤੇ ਐਚ.ਏ. ਰੋਜ ਏ ਗਲੋਸਰੀ ਆਫ਼ ਦੀ ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪ੍ਰੋਵਿਨਸ ਜਿਲਦਤ ਪੰਨਾ 3 ਦੇ ਅਨੁਸਾਰ ਇਹ 11 ਗੋਤਾਂ ਹੇਠ ਲਿਖੇ ਅਨੁਸਾਰ ਸਨ।

| | | |
|---|---|---|
| 1. ਕੁੰਡਲਸ | 5. ਕੋਛਲ | 9. ਵਾਸ਼ਿਸਟ |
| 2. ਸੰਡਲਸ | 6. ਕੋਲੱਸ | 10. ਬਿਸੁਪਲ |
| 3. ਭਾਰੋਤ | 7. ਲਗਲਸ | 11. ਅਤਰੇਲਸ |
| 4. ਬਸ਼ਕ | 8. ਕਛਪ | |

ਇਨ੍ਹਾਂ ਵਿਚੋਂ ਕੁੰਡਲਸ ਤੇ ਸੰਡਲਸ ਮੁੱਖ ਗੋਤਾਂ ਸਨ ਜਦੋਂ ਕਿ ਬਾਕੀ ਗੋਤਾਂ ਛੋਟੀਆਂ ਸਨ। ਇਹ ਗੋਤਾਂ ਕਈ ਹਿੱਸਿਆਂ ਵਿਚ ਵੰਡੀਆਂ ਹੋਈਆਂ ਸਨ। ਜਿਨ੍ਹਾਂ ਨੂੰ ਅੱਲ ਕਿਹਾ ਜਾਂਦਾ ਸੀ। ਕੁੰਡਲਸ ਗੋਤ ਦੀਆਂ 29 ਅੱਲਾਂ ਸਨ।

| | | | |
|---|---|---|---|
| 1. ਦਾਤਲੇ | 9. ਨਿਮਤਿਆਣੇ | 16. ਸੰਸਸਿਆਣੇ | 23. ਝੰਡੇ |
| 2. ਬਘਿਆਨੇ | 10. ਨਜਰਾਨੇ | 17. ਜੌਂਗੀਏ | 24. ਲੰਮੇ |
| 3. ਮੁਲਤਾਨੀ | 11. ਗਾਹੜੇ | 18. ਡਾਰੀਏ | 25. ਕਰਮਾਨੀ |
| 4. ਕਾਕਨੀਏ | 12. ਮੁਸਲੇ | 19. ਉਦਮਲੀਏ | 26. ਨਰਸੰਘੀਏ |

| | | | |
|---|---|---|---|
| 5.ਲਾਲੀਏ | 13.ਕੂਲੀਏ | 20.ਖਾਬੜੀਏ | 27.ਭਈਵਾਲ |
| 6.ਕੁਲਸਾਨੇ | 14.ਕਰਡਲੀਏ | 21.ਨਾਲੇ | 28.ਮਾਏਸੀ |
| 7.ਕੁਲਵਾਲੇ | 15.ਮੂਈਏ | 22.ਜਾਲੇ | 29.ਬਾਲੇ |
| 8.ਹਿਸਾਬਮਾਏ | | | |

ਇਨ੍ਹਾਂ ਵਿਚੋਂ ਦਾਤਲੇ, ਬਘਿਆਣੇ, ਮੁਲਤਾਨੀ, ਬੜਵਾਲ, ਗਾਹੜੇ, ਕਾਕਨੀਏ ਅਤੇ ਮਾਏਸੀ ਮਹੱਤਵਪੂਰਨ ਅੱਲਾਂ ਸਨ, ਬਾਕੀ ਸਭ ਕੇਵਲ ਉਪਨਾਮ ਹੀ ਸਨ।

ਸੰਡਲਸ ਗੋਤ ਵੀ 28 ਅੱਲਾਂ ਵਿਚ ਵੰਡੀ ਹੋਈ ਸੀ।

| | | | |
|---|---|---|---|
| 1.ਅਜਰਾਉਤ | 8.ਫੱਤੇਖਾਣੀ | 15.ਕਰਾੜਕੇ | 22.ਸੁੰਦਰਾਈ |
| 2.ਘੋਤੜੇ | 9.ਭੌਰੇ | 16.ਢੋਥਾਲ | 23.ਤੀਤਰੀਏ |
| 3.ਮਟਿਆਏ | 10.ਲਮਟਾੜੀਏ | 17.ਸਦਿਆਈ | 24.ਦੋ ਕੇ |
| 4.ਲਿਮਤਿਆਏ | 11.ਮੂਛੀਏ | 18.ਕੌਲੀਏ | 25.ਚਿਤਰੀਏ |
| 5.ਮੁੰਦਰ | 12.ਮਾਨਾ ਦੇਦੂ | 19.ਬਾਸੋਆਈਏ | 26.ਲੱਕੜ ਮੰਡੀਏ |
| 6.ਬਹਾਦਰੀਏ | 13.ਉਰਜੜੇ | 20.ਨਾ ਨੌਤ | 27.ਜਾਂਗਲੀਏ |
| 7.ਡੇਡੀਏ | 14.ਬਤਾਰਾਲੇ | 21.ਮੱਖਣਕੇ | 28.ਰਾਇਕੇ |

ਇਹਨਾਂ ਵਿਚੋਂ ਅਜਰਾਉਤ, ਘੋਤੜੇ ਅਤੇ ਮਟਿਆਏ ਮਹੱਤਵਪੂਰਨ ਅੱਲਾਂ ਸਨ। ਜਦੋਂ ਕਿ ਬਾਕੀ ਦੇ ਕੇਵਲ ਪਰਿਵਾਰਕ ਉਪਮਾਨ ਹੀ ਸਨ।

ਭਾਰਤੋ ਗੋਤ ਦੇ ਅੱਠ ਭੇਦ ਸਨ। ਪਾਡੇ, ਪਟਵਾਲੀਏ, ਧੜੀਮੀਏ, ਮਨਿਹਾਈ, ਖੰਡਈਏ, ਬੁਤਿਆਈ, ਗਾਡਰੀਏ ਅਤੇ ਚਿੰਗਾੜੀਏ।

ਬਸ਼ਕ ਗੋਤ ਵੀ ਅੱਠ ਭਾਗਾਂ ਵਿਚ ਵੰਡੀ ਹੋਈ ਸੀ - ਕਾਸਮੀ, ਖਾਸਰੀਏ, ਖੂਨੀ ਖਾਸਰੀਏ, ਬਰੜੀਏ, ਹਰਦਾਸੀਏ, ਪਲਕੇ, ਮਖਣਵਾਲ ਅਤੇ ਕਰਮੂਕੇ। ਇਨ੍ਹਾਂ ਵਿਚੋਂ ਖਾਸਰੀਏ ਮਹੱਤਵਪੂਰਨ ਸਨ।

ਕੋਸ਼ਲ ਗੋਤ ਦੇ ਚਾਰ ਭਾਗ ਸਨ - ਮਾਥੋਨ, ਭੋਨਸੀਏ, ਅਧਮੂਡੀਏ ਅਤੇ ਮਲਈਏ।

ਹਰਨਾਮ ਸਿੰਘ ਰਚਿਤ ਲੁਬਾਣਾ ਇਤਿਹਾਸ ਦੇ ਪੰਨਾ 127-128 ਅਨੁਸਾਰ ਕੋਸ਼ਲ ਗੋਤ ਦੇ ਸੱਤ ਭੇਦ ਸਨ - ਗਰਜਰ, ਗੁੱਜਰ, ਗਉਪਾਲੇ, ਬੋਲੀਏ, ਮਲੈਕੇ, ਪਟਵਾਰੀਕੇ ਅਤੇ ਕਨਚੀਰੀਏ।

ਲਸਲਗ ਗੋਤ ਦੇ 6 ਭਾਗ ਸਨ - ਪਾਲ, ਪੇਲੀਏ ਜਾਂ ਮਖਣਸ਼ਾਹੀ, ਚਪਾਰਨੀਏ, ਫਾਟੜੇ, ਰਾਜੇ, ਭਾਲਕੇ, ਗੋਮਟ ਅਤੇ ਸੌਨਕ।

ਵਸ਼ਿਸਟ ਗੋਤ ਵਿਚ ਨਾਇਕ ਬ੍ਰਾਹਮਣ, ਚੋਹੰਨੇ, ਗੰਗੇਕੇ, ਗਾਲਬੀ, ਦਸੋਂਦੀਏ ਅਤੇ ਨਾਨਕੀਏ ਆਉਂਦੇ ਸਨ।

ਬਿਸਪਤ ਗੋਤ ਵਿਚ ਸਾਰਸਤੀ, ਨਾਨਕੀ, ਰਖਬਾਰੇ, ਦਸੋਂਧੀਏ ਭਾਊ ਭੇਦ ਆਉਂਦੇ ਸਨ।

ਅਤਰੇਲਸ ਗੋਤ ਵਿਚ ਗੋਜਲੇ, ਟਾਕੜੇ, ਬੋਡੀਏ, ਗਊਕੇ ਅਤੇ ਬੰਬੀਏ ਭੇਦ ਆਉਂਦੇ ਸਨ।

ਇਸ ਬਰਾਦਰੀ ਦੇ ਲੋਕ ਆਪਣੀ ਗੋਤ ਨਾਲੋਂ ਆਪਣੀ ਅੱਲ ਦੇ ਨਾਮ ਨੂੰ ਜ਼ਿਆਦਾ ਪਹਿਲ ਦਿੰਦੇ ਸਨ। ਉਦਾਹਰਣ ਦੇ ਤੌਰ 'ਤੇ ਪੇਲੀਏ ਲੁਬਾਣਿਆਂ ਦੀ ਗੋਤ ਕਸ਼ਪ ਹੈ, ਦਾਤਲਿਆਂ ਦੀ ਕੁੰਡਲਸ ਅਤੇ ਅਜਰਾਉਤ ਜਾਂ ਘੋਤੜਿਆਂ ਦੀ ਗੋਤ ਸੰਡਲਸ ਹੈ। ਪ੍ਰੰਤੂ ਇਹ ਆਪਣੀਆਂ ਅੱਲਾਂ ਨੂੰ ਹੀ ਜ਼ਿਆਦਾ ਤਰਜੀਹ ਦਿੰਦੇ ਹਨ।

ਅਜਰਾਉਤ, ਦਾਤਲੇ, ਪੇਲੀਏ, ਖਾਸਰੀਏ, ਮਟਿਆਲੇ, ਬਘਿਆਣੇ, ਗਾਹੜੇ ਅਤੇ ਕਾਕਨੀਏ ਗੋਤ ਦੇ ਲੋਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਮਿਲਦੇ ਸਨ।

*ਗੋਤਾਂ ਦਾ ਨਾਮ, ਰਹਿਣ ਵਾਲੀ ਜਗ੍ਹਾ, ਕੰਮ ਧੰਦੇ, ਧਾਰਮਿਕ ਰੀਤੀ-ਰਿਵਾਜ਼ਾਂ ਅਤੇ ਮਹੱਤਵਪੂਰਨ ਵਿਅਕਤੀ ਦੇ ਨਾਮ ਤੇ ਪਏ।

ਲੁਬਾਣਾ ਬਰਾਦਰੀ ਦੀਆਂ ਗੋਤਾਂ ਦੀ ਇਕ ਖਾਸ ਵਿਸ਼ੇਸ਼ਤਾ ਇਹ ਸੀ ਕਿ ਇਸ ਦੀ ਕੋਈ ਵੀ ਗੋਤ ਖੱਤਰੀਆਂ, ਅਰੋੜਿਆਂ, ਜੱਟਾਂ, ਸੈਣੀਆਂ ਜਾਂ ਕੰਬੋਜਾਂ ਨਾਲ ਨਹੀਂ ਮਿਲਦੀ ਸੀ।

*ਉਦਾਹਰਣ ਦੇ ਤੌਰ ਤੇ ਪੜਵਾਲ ਗੋਤ ਜੇਨੇਊ ਰੀਤੀ ਪਦਵਾ ਤੋਂ ਣੀ। ਇਸੇ ਤਰ੍ਹਾਂ ਲਾਲੀਆ ਗੋਤ ਲਾਲ ਚੰਦ ਦੇ ਨਾਮ ਤੋਂ ਸ਼ੁਰੂ ਹੋਈ।

ਗਾੜੇ ਗੋਤ ਗੜਮਲ ਦੇ ਨਾਂਅ ਤੋਂ ਬਣੀ। ਹੁਸਿਆਨੇ ਬਾਬਾ ਹਸਨਾ ਤੋਂ ਅਤੇ ਮੱਖਣਸ਼ਾਹੀ ਬਾਬਾ ਮੱਖਣ ਸ਼ਾਹ ਲੁਬਾਣੇ ਤੋਂ। ਲੇਖਕ ਆਰ ਜੀ ਲਾਥਮ ਦੀ ਕਿਰਤ ਐਥਨੋਲਔਜੀ ਆਫ਼ ਇੰਡੀਆ ਵੁਡਫਾਲ ਐਂਡ ਕਿੰਡਰ ਪ੍ਰਿੰਟਿੰਗ ਲੰਡਨ 1858 ਪੰਨਾ 368 ਅਨੁਸਾਰ ਮੁਸਲਾਨੀ ਗੋਤ ਦੇ ਲੋਕ 1739 ਈ. ਵਿਚ ਨਾਦਰ ਸ਼ਾਹ ਦੇ ਹਮਲੇ ਸਮੇਂ ਮੁਲਤਾਨ ਤੋਂ ਉੱਠ ਕੇ ਆਏ ਸਨ।

– ਅਜ਼ਾਦੀ ਤੋਂ ਪਹਿਲਾਂ ਇਸ ਬਰਾਦਰੀ ਦਾ ਰੁੱਤਬਾ ਜਾਂ ਸਥਾਨ ਪੰਜਾਬ ਵਿਚ ਇਕੋ ਜਿਹਾ ਨਹੀਂ ਸਗੋਂ ਪੰਜਾਬ ਦੇ ਵੱਖ–ਵੱਖ ਭਾਗਾਂ ਵਿਚ ਵੱਖ–ਵੱਖ ਸੀ।

* ਸਿਆਲਕੋਟ ਅਤੇ ਗੁਜਰਾਤ ਜ਼ਿਲ੍ਹਿਆਂ ਦੇ ਉਪ–ਪਾਰਬਤੀ ਭਾਗਾਂ ਵਿਚ ਅਜਰਾਉਤ ਜਾਂ ਘੋਤੜੇ ਆਪਣੇ ਆਪ ਨੂੰ ਦੂਜੀਆਂ ਜਾਤਾਂ ਦੇ ਮੁਕਾਬਲੇ ਉੱਚਾ ਸਮਝਦੇ ਸਨ।

* ਐਚ ਏ ਰੋਜ ਰਚਿਤ ਏ ਗਲਾਸਰੀ ਆਫ਼ ਦੀ ਟ੍ਰਾਇਬਸ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪ੍ਰੋਵਿੰਨਸ ਜਿਲਦ 3 ਪੰਨਾ 3 ਦੇ ਅਨੁਸਾਰ

ਡਿਸਟ੍ਰਿਕਟ ਗਜਟੀਅਰ ਆਫ਼ ਕਾਂਗੜਾ 1904 ਪੰਨਾ 87 ਅਨੁਸਾਰ ‘ਕਾਂਗੜੇ ਜ਼ਿਲ੍ਹੇ ਵਿਚ ਵੀ ਘੋਤੜੇ ਆਪਣੇ ਆਪ ਨੂੰ ਦੂਜਿਆਂ ਤੋਂ ਉੱਪਰ ਸਮਝਦੇ ਸਨ।

ਸਿੱਖ ਲੁਬਾਣਿਆਂ ਦੀ ਸੈਨਾ ਵਿਚ ਗਿਣਤੀ ਆਪਣੀ ਜਨਸੰਖਿਆ ਦੇ ਮੁਕਾਬਲੇ ਬਹੁਤ ਜ਼ਿਆਦਾ ਸੀ। ਇਹਨਾਂ ਦੀਆਂ ਪਾਇਨੀਅਰ ਵਿਚ ਆਪਣੀਆਂ ਵੱਖਰੀਆਂ ਕੰਪਨੀਆਂ ਸਨ। ਪਹਿਲੇ ਮਹਾਂਯੁੱਧ ਵਿਚ ਇਨ੍ਹਾਂ ਨੇ ਬਹੁਤ ਜ਼ਿਆਦਾ ਸੈਨਿਕ ਲੜਾਈ ਦੇ ਮੈਦਾਨ ਵਿਚ ਭੇਜੇ। ਇਸ ਤਰ੍ਹਾਂ ਸਿੱਖ ਲੁਬਾਣਿਆਂ ਨੂੰ ਬ੍ਰਿਟਿਸ਼ ਸੈਨਾ ਵਿਚ ਤਰਜੀਹ ਦੇਣ ਕਾਰਨ ਇਹਨਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ। ਸਿੰਘ ਸਭਾ ਲਹਿਰ ਜੋ 1873 ਈ. ਵਿਚ ਸ਼ੁਰੂ ਹੋਈ ਨੇ ਵੀ ਲੁਬਾਣਾ ਬਰਾਦਰੀ ਵਿਚ ਸਿੱਖ ਧਰਮ ਦਾ ਪ੍ਰਸਾਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ।


● ● ●


**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),**

**ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ**

**ਵੱਲੋਂ**

**‘ਗੁਰੂ ਲਾਧੋ ਰੇ’ ਦਿਵਸ**



**ਮਿਤੀ 20-10-2024**

**ਦਿਨ ਐਤਵਾਰ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।**

**ਆਪਣੇ ਪਰਿਵਾਰ ਅਤੇ ਸਾਥੀਆਂ ਸਮੇਤ ਹਾਜ਼ਰੀ ਭਰਨ ਦੀ ਕ੍ਰਿਪਾਲਤਾ ਕਰਨੀ ਜੀ।**



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

## ਸੰਪੂਰਨ ਕਿੱਸਾ **ਜੱਲ੍ਹੇ ਦਾ ਛੱਲਾ** — ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਸੁਰਿੰਦਰ ਸਿੰਘ ਰੂਬੀ**



ਬਿੱਟੂ ਲਹਿਰੀ

**ਵਿਸਥਾਰ** - ਘੁਮਿਆਰ ਦੇ ਘਰੋਂ ਜੱਲ੍ਹਾ ਤੇ ਛੱਲਾ ਘੜੇ ਲੈ ਕੇ ਕਾਹਲੀ-ਕਾਹਲੀ ਤੁਰ ਪਏ। ਜੱਲ੍ਹੇ ਤੇ ਛੱਲੇ ਬਾਰੇ ਘੁਮਿਆਰ ਨੇ ਉਸ ਵੇਲੇ ਦੀ ਸਾਰੀ ਵਾਰਤਾ ਆਪਣੇ ਮੁਖ ਵਿੱਚੋਂ ਇਸ ਤਰ੍ਹਾਂ ਬਿਆਨ ਕੀਤੀ -

### ਸ਼ੇਅਰ

**1. ਜੱਲ੍ਹੇ, ਨੇ ਦੋ ਘੜੇ ਉਠਾਏ, ਇੱਕ ਹੱਥ ਸੱਜੇ ਤੇ ਇੱਕ ਖੱਬੇ।**
**2. ਛੱਲੇ ਨੇ ਦੋ ਛੂਣੀਆਂ ਚੱਕੀਆਂ, ਜਾਂਦਾ ਨਾਲ ਬਾਪ ਦੇ ਫੱਬੇ।**
**3. ਸੁਣ ਕੇ ਗੱਲਾਂ ਸੋਚੀ ਜਾਂਵਾ, ਇਹ ਬਾਲ ਨੂੰ ਦੱਸ ਕੀ ਲੱਗੇ।**
**4. ਕਾਹਲੀ ਆਏ ਕਾਹਲੀ ਮੁੜ ਗਏ, ਜਿਵੇਂ ਕੋਈ ਪਿਛਾਂਹ ਤੋਂ ਸੱਦੇ।**
**5. ਵਸਲ ਹੋਣਾਂ ਜਿਵੇਂ ਵਿਛੜੀ ਰੂਹ ਦਾ, ਪਹੁੰਚਣਾ ਵਕਤ ਤੇ ਪੂਰੇ ਵੱਜੇ।**
**6. ਪੁੱਛ ਨਾ ਕੁੱਝ ਮੈਂ ਸਕਿਆ 'ਲਹਿਰੀ' ਜਿਵੇਂ ਗੁੰਮ ਹੋਇਆ ਜਾਂ ਲੱਭੇ।**

**ਵਿਸਥਾਰ** - ਛੱਲੇ ਨੇ ਘੁਮਿਆਰ ਦੇ ਘਰ ਮਿੱਟੀ ਦੇ ਬਣਦੇ ਭਾਂਡੇ ਵੇਖ ਕਿ ਛੱਲੇ ਨੇ ਸੋਚਿਆ। "ਮੈਂ ਵੀ ਮਿੱਟੀ ਦੇ ਖਿਡੌਣੇ ਬਣਾ ਕੇ ਵੇਖਦਾ ਹਾਂ।" ਛੱਲੇ ਨੇ ਆਪਦੇ ਹਬੀਬ ਇਕੱਠੇ ਕਰਕੇ ਮਿੱਟੀ ਦੇ ਖਿਡੌਣੇ ਬਣਾਉਣ ਲੱਗ ਗਏ। ਸਾਰੇ ਬੱਚਿਆਂ ਨੇ ਆਪਣੀ-ਆਪਣੀ ਸੋਚ ਮੁਤਾਬਿਕ ਖਿਡੌਣੇ ਬਣਾਏ ਤੇ ਛੱਲੇ ਨੂੰ ਕਹਿਣ ਲੱਗੇ।

### ਸ਼ੇਅਰ

**ਹਬੀਬ - ਵੇਖ ਖਿਡੌਣੇ ਮੇਰੇ ਛੱਲਿਆ, ਕਿੱਡੇ ਸੋਹਣੇ-ਸੋਹਣੇ ਲੱਗਦੇ ਨੇ।**
**ਘੋੜਾ ਤੇ ਇੱਕ ਸ਼ੇਰ ਬਣਾਇਆ, ਇਹ ਹੱਥਾਂ ਦੇ ਨਾਲ ਭੱਜਦੇ ਨੇ।**
**ਹਬੀਬ - ਵੇਖ ਖਿਡੌਣੇ ਮੇਰੇ ਛੱਲਿਆ, ਕਿੱਡੇ ਸੋਹਣੇ-ਸੋਹਣੇ ਲੱਗਦੇ ਨੇ।**
**ਚੁੱਲ੍ਹਾ ਚੌਂਕਾ ਵੇਖ ਬਣਾਇਆ, ਜਿਵੇਂ ਟੱਬਰ ਇਹਨੂੰ ਲੱਭਦੇ ਨੇ।**
**ਹਬੀਬ - ਵੇਖ ਖਿਡੌਣੇ ਮੇਰੇ ਛੱਲਿਆ, ਕਿੱਡੇ ਸੋਹਣੇ-ਸੋਹਣੇ ਲੱਗਦੇ ਨੇ।**
**ਚਿੜੀਆਂ ਦੇ ਨਾਲ ਮੋਰ ਬਣਾਇਆ, ਦੋਹਵੇਂ ਕਿੱਦਾਂ ਸੱਜਦੇ ਨੇ।**
**ਹਬੀਬ - ਵੇਖ ਖਿਡੌਣੇ ਮੇਰੇ ਛੱਲਿਆ, ਕਿੱਡੇ ਸੋਹਣੇ-ਸੋਹਣੇ ਲੱਗਦੇ ਨੇ।**
**ਵਿੱਚ ਆਲੇ ਦੇ ਦੀਵਾ ਬਣਾਇਆ, ਜਗਾਈਏ ਤਾਂ ਇਹ ਜਗਦੇ ਨੇ।**

**ਵਿਸਥਾਰ** - ਛੱਲੇ ਨੇ ਆਪਣੀ ਅੰਮੀ ਵਰਗੀ ਇੱਕ ਮੂਰਤੀ ਬਣਾ ਦਿੱਤੀ। ਮਿੱਟੀ ਦੀ ਬਣੀ ਮੂਰਤੀ ਸੁੱਕੀ ਤਾਂ ਛੱਲਾ ਆਪਣੇ ਮਿੱਤਰਾਂ ਦੀ ਮਦਦ ਨਾਲ ਮੂਰਤੀ ਨੂੰ ਚੁੱਕ ਕੇ ਆਪਣੇ ਅੱਬਾ ਕੋਲ ਲੈ ਆਇਆ ਛੱਲਾ ਆਪਣੇ ਅੱਬੂ ਨੂੰ ਕਹਿਣ ਲੱਗਿਆ, "ਅੱਬੂ ਤੂੰ ਹੁਣ ਇਸ ਵਿੱਚ ਕਿਸੇ ਪਾਸੇ ਤੋਂ ਲਿਆ ਕੇ ਜਾਨ ਪਾ ਦੇ ਤੇ ਮੇਰੀ ਅੰਮੀ ਮੁੜ ਘਰ ਆ ਜਾਵੇਗੀ।" ਛੱਲੇ ਨੇ ਕਿਹਾ, "ਅੱਬੂ ਹੁਣ ਨਾਂਹ ਨਾ ਕਰੀ। ਛੱਲਾ ਆਪਣੇ ਵਾਲਦ ਨੂੰ ਬੁੱਤ ਵਿੱਚ ਜਾਨ ਪਾਉਣ ਨੂੰ ਕਹਿ ਰਿਹਾ ਏ।" ਜੱਲ੍ਹਾ ਛੱਲੇ ਦੇ ਹਰ ਇੱਕ ਸਵਾਲ ਦਾ ਜੁਆਬ ਇਸ ਤਰ੍ਹਾਂ ਦਿੰਦਾ ਹੈ।

### ਸ਼ੇਅਰ

**ਛੱਲਾ - ਮੁਜੱਸਮਾ ਬਣਾਇਆ ਛੱਲੇ ਨੇ, ਇੱਕ ਬਿਲਕੁੱਲ ਅੰਮੀ ਵਰਗਾ।**
**ਮਰਹੂਮਾਂ ਬੁੱਤ ਵਿੱਚ ਜਾਣ ਤੂੰ ਪਾ ਦੇ, ਮਿੰਨਤ ਅੱਬਾ ਤੇਰੀ ਕਰਦਾ।**

ਜੱਲ੍ਹਾ - ਮਿੱਟੀ ਦਾ ਤੂੰ ਬੁੱਤ ਬਣਾਇਆ, ਕਿੱਥੋਂ ਲਿਆਵਾਂ ਜਾਨ ਮੈਂ ਜਾ ਕੇ।
ਮਿੱਟੀ ਉਸਾਰੀ ਪਾਣੀ ਦੇ ਨਾਲ, ਯਰਾ ਵੇਖ ਤੂੰ ਪਾਣੀ ਪਾ ਕੇ

ਛੱਲਾ - ਖਾਣਾ ਪੀਣਾ ਬੰਦ ਕਰ ਮੇਰਾ, ਅੱਬਾ ਰੱਖ ਲੈ ਧੰਨ ਬਚਾ ਕੇ।
ਇਕੱਠੇ ਪੈਸੇ ਕਰਕੇ ਬਾਹਲੇ, ਵੇਖੀ ਕਿੱਧਰੋਂ ਜਾਨ ਮੰਗਾ ਕੇ।

ਜੱਲ੍ਹਾ - ਨਾਲ ਪੈਸਿਆ ਜਾਨ ਜੇ ਮਿਲਦੀ, ਲੈ ਆਉਂਦਾ ਫੜ ਫੜ੍ਹਾ ਕੇ।
ਅੰਮੀ ਤੇਰੀ ਜੇ ਜਿੰਦਾ ਹੋ ਜੇ, ਮੈ ਜਿੰਦ ਆਉਂਦਾ ਗਹਿਣੇ ਪਾ ਕੇ।

ਛੱਲਾ - ਇਬਾਦਤ ਦੇ ਨਾਲ ਹੀਲਾ ਕਰੀਏ, ਮਨਜ਼ੂਰ ਅੱਲ੍ਹਾ ਇਹ ਕਰਸੀ।
ਇਹ ਅੰਮੀ ਮੇਰੀ ਜਿੰਦਾ ਹੋਸੀ, ਤੇ ਫਿਰ ਕਦੇ ਨਾ ਮਰਸੀ।

ਜੱਲ੍ਹਾ - ਬੁੱਤ ਡਿੱਗ ਪਿਆ ਨਾਲ ਹਵਾ ਦੇ, ਛੱਲੇ ਹੋ ਗਿਆ ਚੱਕਣਾ ਚੂਰ।
ਹਰਦਮ ਹਰ ਖੱਲ ਮਿੱਟੀ 'ਲਹਿਰੀ', ਅੰਮੀ ਗਈ ਅੱਖਾਂ ਤੋਂ ਦੂਰ।

**ਵਿਸਥਾਰ** - ਛੱਲਾ ਤਾਲੀਮ ਹਾਸਿਲ ਕਰਨ ਦੇ ਨਾਲ–ਨਾਲ ਲੋਕ ਭਲਾਈ ਦੇ ਕੰਮ ਵੀ ਕਰਨ ਲੱਗਾ। ਛੁੱਟੀ ਵਾਲੇ ਦਿਨ ਛੱਲਾ ਛੋਟੇ–ਛੋਟੇ ਬੂਟੇ ਖੱਗ ਕੇ ਮਦਰੱਸੇ ਲਾ ਆਉਂਦਾ। ਇੱਕ ਦਿਨ ਛੱਲੇ ਨੇ ਦੂਰ ਤੋਂ ਪਿੱਪਲ ਦਾ ਬੂਟਾ ਲਿਆ ਕੇ ਲਾ ਆਇਆ। ਛੱਲੇ ਦੀ ਸਿਆਣਪ ਦੀਆਂ ਗੱਲਾਂ ਪਿੰਡ ਵਿੱਚ ਵੀ ਹੋਣ ਲੱਗੀਆਂ। ਛੱਲਾ ਪਿੱਪਲ ਦੇ ਰੁੱਖ ਦੇ ਗੁਣਾਂ ਬਾਰੇ ਮੁਨਸ਼ੀ ਨੂੰ ਇੰਜ ਕਹਿੰਦਾ ਹੈ –

### ਸ਼ੇਅਰ

1. ਬੂਟਾ ਪਿੱਪਲ ਦਾ ਮੁਨਸ਼ੀ ਜੀ, ਆਕਸੀਜਨ ਲੈਂਦਾ ਤੇ ਹੈ ਛੱਡਦਾ।
2. ਸੰਘਣੀ-ਸੰਘਣੀ ਛਾਂ ਬਣਦੀ, ਇਹਦਾ ਪਤਾ ਦੂਰ ਤੋਂ ਲੱਗਦਾ।
3. ਪੀਂਘ ਝੂਟਾਈਏ ਇਹਦੇ ਉੱਤੇ, ਸੱਚ ਬੜਾ ਹੁਲਾਰਾ ਫੱਬਦਾ।
4. ਪੂਜਣਯੋਗ ਕਹਾਉਂਦਾ ਇਹ ਤਾਂ, ਇਹਦਾ ਕਦੇ ਨਾ ਕੰਡਾ ਵੱਜਦਾ।
5. ਸਾਉਣ ਮਹੀਨੇ ਤੀਆਂ ਪੈਂਦੀਆਂ, ਤੇ ਆਪ ਪਾਣੀ ਨਾਲ ਰੱਜਦਾ।
6. 'ਲਹਿਰੀ' ਉਮਰ ਘਟਾ ਬਹਿੰਦਾ, ਜੋ ਜੜ੍ਹ ਤੋਂ ਇਸ ਨੂੰ ਵੱਢਦਾ।

**ਵਿਸਥਾਰ** - ਮੁਨਸ਼ੀ ਨੇ ਛੱਲੇ ਨੂੰ ਕਿਹਾ, "ਛੱਲਿਆ ਆਪਾਂ ਮਦਰੱਸੇ ਅੰਦਰ ਕੁੱਝ ਬੂਟੇ ਫੁੱਲਾਂ ਦੇ ਵੀ ਲਾਈਏ। ਆਪਾਂ ਰੁੱਖਾਂ ਦੀ ਛਾਂ ਤੇ ਫੁੱਲਾਂ ਦੀ ਖੁਸ਼ਬੂ ਦਾ ਆਨੰਦ ਮਾਣਿਆਂ ਕਰਾਂਗੇ।" ਘਰ ਆ ਕੇ ਛੱਲੇ ਨੇ ਆਪਣੇ ਅੱਬੂ ਨੂੰ ਕਿਹਾ "ਅੱਬਾ ਖੁਸ਼ਬੂਦਾਰ ਫੁੱਲਾਂ ਦੇ ਬੂਟੇ ਕਿੱਥੋਂ ਲੱਭਣਗੇ, ਮੈਂ ਮਦਰੱਸੇ ਲਾਉਣੇ ਹਨ।" ਛੱਲਾ ਆਪਦੇ ਅੱਬਾ ਨੂੰ ਕਿਸ ਤਰ੍ਹਾਂ ਦੇ ਬੂਟੇ ਕਹਿ ਰਿਹਾ ਸੀ।

### ਸ਼ੇਅਰ

1. ਅੱਬੂ ਜੀ ਕੁੱਝ ਪੌਦੇ ਲਿਆ ਦਿਉ, ਤੇ ਉਹ ਹੋਵਣ ਰੰਗ-ਬਿਰੰਗੇ।
2. ਉਹ ਵਿੱਚ ਕਿਆਰੀ ਲਾ ਮੈਂ ਦੇਵਾਂ, ਤੇ ਸਭ ਸੋਹਣੇ ਲੱਗਣ ਚੰਗੇ।
3. ਖੁਸ਼ਬੂ ਉਹਨਾਂ ਦੀ ਦੂਰ ਤੋਂ ਆਵੇ, ਤੇ ਹੋਵਣ ਕਈ ਰੰਗਾਂ ਵਿੱਚ ਰੰਗੇ।
4. ਸੁਗੰਧੀਆਂ ਵੰਡਣ ਦੂਰ ਦੁਰੇਡੇ, 'ਲਹਿਰੀ' ਰਾਹੀ ਕੋਈ ਵੀ ਲੰਘੇ।

(ਚੱਲਦਾ)

● ● ●

**ਜ਼ਰੂਰੀ ਨਹੀਂ ਕਿ ਹਰ ਸਮੇਂ ਰੱਬ ਦਾ ਨਾਮ ਤੁਹਾਡੀ ਜ਼ੁਬਾਨ ਤੇ ਆਏ। ਉਹ ਸਮਾਂ ਵੀ ਭਗਤੀ ਤੋਂ ਘੱਟ ਨਹੀਂ ਜਦੋਂ ਇੱਕ ਇਨਸਾਨ ਦੂਜੇ ਦੇ ਕੰਮ ਆਏ।**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਭਗਤ ਸਰਦਾਰ ਸਿੰਘ ਜੀ ਨੂੰ ਦਸਤਾਰ ਬੰਦੀ

18 ਜੂਨ, 1950 ਨੂੰ ਅੰਤਮ ਸੰਸਕਾਰ ਲਈ ਤਰੀਕ ਨਿਯਤ ਕਰ ਦਿੱਤੀ। ਨਿਰਮਲ ਭੇਖ ਦੀ ਇਹ ਮਰਯਾਦਾ ਹੈ ਕਿ ਜਦੋਂ ਕੋਈ ਮਹੰਤ ਚਲਾਣਾ ਕਰ ਜਾਵੇ, ਜੇਕਰ ਉਹ ਆਪਣੇ ਜਿਊਂਦਿਆਂ ਕਿਸੇ ਨੂੰ ਆਪਣੀ ਥਾਂ ਆਪਣਾ ਜਾਨਸ਼ੀਨ (ਮਹੰਤ) ਨਿਯਤ ਕਰ ਜਾਵੇ ਤਾਂ ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਭੇਖ ਦੇ ਸਾਰੇ ਸੰਤਾਂ ਮਹੰਤਾਂ ਨੂੰ ਬੁਲਾ ਕੇ ਉਨ੍ਹਾਂ ਦੀ ਇੱਕ ਤਰ੍ਹਾਂ ਪ੍ਰਵਾਨਗੀ ਲੈਂਦੇ ਅਤੇ ਯਥਾ ਯੋਗ ਪੱਗਾ ਆਦਿ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕਰਦੇ ਹਨ। ਜੇਕਰ ਆਪਣੇ ਜਿਊਂਦਿਆਂ ਕਿਸੇ ਨੂੰ ਆਪਣੀ ਥਾਂ ਤੇ ਨਿਯਤ ਨਾ ਕਰ ਸਕੇ ਤਾਂ ਉਨ੍ਹਾਂ ਦੀ ਮੌਤ ਦੇ ਪਿੱਛੋਂ ਭੇਖ ਦੇ ਪ੍ਰਤਿਸ਼ਟਤ ਸੰਤ ਮਹੰਤ ਉਹਨਾਂ ਦੇ ਯੋਗ ਅਧਿਕਾਰੀ ਨੂੰ ਮਹੰਤ ਨਿਯਤ ਕਰ ਦਿੰਦੇ ਹਨ ਤੇ ਪੰਜ ਪੱਗਾ ਉਸ ਦੇ ਸਿਰ ਤੇ ਸਜਾ ਦਿੰਦੇ ਹਨ। ਭੇਖ ਦੇ ਸੰਤ ਮਹੰਤ ਬਤੌਰ ਸਰੋਪਾ ਉਨ੍ਹਾਂ ਨੂੰ ਆਪਣੇ ਵੱਲੋਂ ਪੱਗਾ ਦਿੰਦੇ ਹਨ ਅਤੇ ਇੱਕ ਲਿਖਤ ਕੀਤੀ ਜਾਂਦੀ ਹੈ ਜਿਸ ਦੇ ਉੱਤੇ ਸਾਰੇ ਸੰਤਾਂ ਮਹੰਤਾਂ ਦੇ ਦਸਤਖਤ ਹੁੰਦੇ ਹਨ। ਉਸ ਲਿਖਤ ਵਿਚ ਲਿਖਿਆ ਜਾਂਦਾ ਹੈ ਕਿ ਸਾਡੇ ਸਾਹਮਣੇ ਭੇਖ ਨੇ ਅਮਕੇ ਮਹੰਤ ਸਾਹਿਬ ਦੀ ਥਾਂ ਅਮਕੇ (ਉਨ੍ਹਾਂ ਦੇ ਉੱਤਰਅਧਿਕਾਰੀ ਨੂੰ) ਮਹੰਤ ਨਿਯਤ ਕੀਤਾ ਹੈ। ਉਹ ਲਿਖਤ ਸਰਕਾਰੇ ਮੰਨੀ ਜਾਂਦੀ ਹੈ ਤੇ ਦਸਤਾਰ ਬੰਦੀ ਦੀ ਇੱਕ ਫੋਟੋ ਭੀ ਲਈ ਜਾਂਦੀ ਹੈ। ਡੇਰੇ ਦੀ ਸਾਰੀ ਜਾਇਦਾਦ ਉਸ ਮਹੰਤ ਦੇ ਨਾਮ ਹੋ ਜਾਂਦੀ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਭੀ ਨਿਰਮਲ ਭੇਖ ਨਾਲ ਸੰਬੰਧ ਰੱਖਦੇ ਸਨ। ਉਹ ਆਪਣਾ ਜਾਨਸ਼ੀਨ ਕੋਈ ਨਹੀਂ ਸਨ ਨਿਯਤ ਕਰ ਗਏ। ਇਹ ਤਾਂ ਉਹ ਜਾਨਣ ਕਿ ਉਹ ਕਿਉਂ ਨਹੀਂ ਆਪਣੀ ਥਾਂ ਆਪਣਾ ਜਾਨਸ਼ੀਨ ਮੁਕਰਰ ਕਰ ਗਏ ਜਾਂ ਕੋਈ ਟਰੱਸਟ ਆਦਿ ਬਣਾ ਗਏ। ਅਸੀਂ ਸਾਰਿਆਂ ਨੇ ਸੋਚ ਵਿਚਾਰ ਕੇ ਉਨ੍ਹਾਂ ਦੇ ਪਿੱਛੋਂ ਸਾਰੀ ਮਰਯਾਦਾ ਅਖੰਡ ਪਾਠ ਦਾ ਭੋਗ ਪੁਆ ਕੇ, ਸੰਤ ਮਹੰਤ ਸਭ ਬੁਲਾ ਕੇ ਨਿਰਮਲ ਭੇਖ ਅਨੁਸਾਰ ਕੀਤੀ। ਉਨ੍ਹਾਂ ਦੇ ਸੇਵਕ, ਬੜੇ ਭਜਨੀਕ, ਬੜੇ ਸ਼ਾਂਤ ਸੁਭਾ ਵਾਲੇ ਭਗਤ ਸਰਦਾਰ ਸਿੰਘ ਜੀ ਨੂੰ ਉਨ੍ਹਾਂ ਦਾ ਜਾਨਸ਼ੀਨ ਨਿਯਤ ਕਰ ਦਿੱਤਾ, ਜੋ ਉਨ੍ਹਾਂ ਦੇ ਪਾਸ ਰਹਿੰਦੇ ਸਨ ਤੇ ਸੇਵਾ ਕਰਦੇ ਸਨ। ਭਗਤ ਸਰਦਾਰ ਸਿੰਘ ਜੀ ਦੇ ਪਿਛੋਕੜ ਬਾਰੇ ਭੀ ਸੰਗਤਾਂ ਦੀ ਗਿਆਤ ਲਈ ਕੁਝ ਦੱਸ ਯੋਗ ਸਮਝਦਾ ਹਾਂ। ਭਗਤ ਸਰਦਾਰ ਸਿੰਘ ਜੀ ਜ਼ਿਲ੍ਹਾ ਗੁਜਰਾਤ, ਤਹਿਸੀਲ ਖਾਰੀਆਂ ਦੇ ਇਕ ਪਿੰਡ ਸੰਤਪੁਰੇ ਦੇ ਵਸਨੀਕ ਸਨ। ਇਸ ਨਗਰ ਵਿਚ ਬੜੇ ਚੰਗੇ ਸ਼ਾਹੂਕਾਰਾਂ ਦੇ ਕਈ ਘਰ ਸਨ ਤੇ ਸੰਗਤ ਵੀ ਬਹੁਤ ਚੰਗੀ ਸੀ। ਇਥੋਂ ਦੇ ਗੁਰਦੁਆਰੇ ਦੀ ਸੇਵਾ, ਬਤੌਰ ਗ੍ਰੰਥੀ, ਭਗਤ ਸਰਦਾਰ ਸਿੰਘ ਜੀ ਕਰਦੇ ਸਨ। ਨਗਰ ਵਿਚ ਇਨ੍ਹਾਂ ਦਾ ਬੜਾ ਸਤਿਕਾਰ ਸੀ। ਭਗਤ ਸਰਦਾਰ ਸਿੰਘ ਜੀ ਨੂੰ ਜੋ ਭੀ ਮਾਇਆ, ਕੱਪੜਾ, ਅੰਨ-ਦਾਣਾ ਅਤੇ ਜੋ ਪਾਠ ਕਰਦੇ ਸਨ, ਉਸ ਦੀ ਭੀ ਮਾਇਆ ਇਹ ਸਭ ਕੁਝ ਮੁਰਾਲੇ ਡੇਰੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਭੇਟਾ ਕਰ ਦਿੰਦੇ ਸਨ। ਇਨ੍ਹਾਂ ਨੂੰ ਜਿਸ ਚੀਜ਼ ਜਾਂ ਬਸਤਰ ਆਦਿ ਦੀ ਲੋੜ ਹੋਵੇ, ਮਹਾਂਪੁਰਖ ਆਪ ਇਨ੍ਹਾਂ ਦੀ ਲੋੜ ਪੂਰੀ ਕਰਦੇ ਸਨ। ਬਹੁਤ ਉੱਚਾ ਜੀਵਨ ਸੀ। ਇਕ ਲੜਕਾ ਸੀ, ਉਸ ਨੂੰ ਭੀ ਆਪ ਮਹਾਂਪੁਰਖਾਂ ਨੇ ਹੀ ਪੜ੍ਹਾਇਆ ਅਤੇ ਸ਼ਾਦੀ ਭੀ ਉਸ ਦੀ ਆਪ ਜੀ ਨੇ ਹੀ ਕੀਤੀ। ਭਗਤ ਜੀ ਦੀਆਂ ਦੋ ਲੜਕੀਆਂ ਸਨ। ਉਹਨਾਂ ਦੀਆਂ ਸ਼ਾਦੀਆਂ ਭੀ ਮਹਾਂਪੁਰਖਾਂ ਨੇ ਆਪ ਹੀ ਕੀਤੀਆਂ। ਇਸ ਤਰ੍ਹਾਂ ਭਗਤ ਸਰਦਾਰ ਸਿੰਘ ਜੀ ਨੇ ਆਪਣਾ ਤਨ ਮਨ ਧਨ ਸਭ ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਨੂੰ ਅਰਪਣ ਕੀਤਾ ਹੋਇਆ ਸੀ, ਜਿਸ ਦੀ ਮਿਸਾਲ ਮਿਲਣੀ ਔਖੀ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਅਨਿੰਨ ਭਗਤ, ਨਿਹਾਇਤ ਨਿਕਟਵਰਤੀ ਅਤੇ ਉਨ੍ਹਾਂ ਦੀ ਸੇਵਾ ਨੂੰ ਮੁੱਖ ਰੱਖ ਕੇ, ਸੋਚ ਵਿਚਾਰ ਕੇ, ਭਰੇ ਦੀਵਾਨ ਵਿਚ, ਨਿਰਮਲ ਭੇਖ ਦੇ ਸੰਤ ਮਹੰਤ ਨਿਰਮਲ ਮਹਾਂ-ਮੰਡਲ ਦੇ ਮਹੰਤ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਮਹੰਤ ਮੂਲ ਸਿੰਘ ਜੀ ਆਦਿ ਦੀ ਹਾਜ਼ਰੀ ਵਿਚ ਮਹੰਤ ਮੂਲ ਸਿੰਘ ਜੀ ਨੇ ਭਗਤ ਸਰਦਾਰ ਸਿੰਘ ਜੀ ਦੇ ਸਿਰ ਤੇ ਪੰਜ ਪੱਗਾ ਬੰਨ੍ਹ ਕੇ ਇਹ ਜਾਨਸ਼ੀਨੀ ਦੀ ਸਾਰੀ ਰਸਮ ਪੂਰੀ ਕੀਤੀ। ਇਸ ਮੌਕੇ 'ਤੇ ਹੇਠ ਲਿਖੇ ਪਤਵੰਤਿਆਂ ਨੇ ਸ਼ਰਧਾਂਜ਼ਲੀਆਂ ਦਿੱਤੀਆਂ:

* ਗਿਆਨੀ ਕਰਤਾਰ ਸਿੰਘ ਮਨਿਸਟਰ

* ਸ. ਈਸ਼ਰ ਸਿੰਘ ਮੁੜਵਸਾਉ ਮਹਿਕਮਾ (ਮਨਿਸਟਰ)

* ਜਥੇਦਾਰ ਊਧਮ ਸਿੰਘ ਜੀ ਪ੍ਰਧਾਨ ਸ਼੍ਰੋ.ਗੁ.ਪ੍ਰ. ਕਮੇਟੀ

* ਸ. ਪਰਤਾਪ ਸਿੰਘ ਕੈਰੋਂ ਆਦਿ ਬਹੁਤ ਸਾਰੇ ਸੱਜਣ ਇਸ ਸਮਾਗਮ ਵਿਚ ਸ਼ਾਮਲ ਹੋਏ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਪ੍ਰਸ਼ੰਸ਼ਾ ਪ੍ਰਗਟ ਕੀਤੀ। ਭਗਤ ਸਰਦਾਰ ਸਿੰਘ ਜ ਦੀ ਇਹ ਮਹੰਤੀ ਦੀ ਰਸਮ ਉਪਰੋਕਤ ਸਾਰੀਆਂ ਮਹਾਨ ਸ਼ਖ਼ਸੀਅਤਾਂ ਦੇ ਸਾਹਮਣੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਭਾਰੀ ਇਕੱਠ ਵਿਚ ਕੀਤੀ ਗਈ।

**(ਚਲਦਾ)**

* * * * *

# ਨਾਟਕ ਹੀ ਨਾਟਕ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ।ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ।ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸੰਪਾਦਕ'**



**ਸਤਵਿੰਦਰ ਸਿੰਘ ਬੇਗੋਵਾਲੀਆ**

**ਮਹਿੰਦਰ** : (ਗੰਭੀਰ ਹੁੰਦਾ ਹੋਇਆ) ਉਥੇ ਤਾਂ ਨੰਬਰ ਦੋ ਦੇ ਧੰਦੇ ਚਲਦੇ ਨੇ। ਬਾਹਰਲੇ ਦੇਸ਼ਾਂ ਤੋਂ ਛੁੱਟੀ 'ਤੇ ਆਏ ਮੁੰਡੇ ਡਾਲਰ, ਯੂਰੋ ਦੇ ਕੇ ਇੰਡੀਅਨ ਕਰੰਸੀ ਲੈਂਦੇ ਨੇ। ਨਾਲੇ ਪੈੱਗ ਲਾ ਕੇ ਮਸਤੀ ਵਿਚ ਝੂਮਦੇ ਜਾਂਦੇ ਨੇ, ਉਹ ਔਰਤ ਇਕ ਹੋਰ ਧੰਦਾ ਵੀ ਕਰਦੀ ਏ.....

**ਸਿੰਮੀ** : (ਘਬਰਾਹਟ ਵਿਚ) ਉਹ ਕਿਹੜਾ?

**ਮਹਿੰਦਰ** : ਉਹ ਦਿੱਲੀ ਤੱਕ ਕੁੜੀਆਂ ਸਪਲਾਈ ਕਰਦੀ ਏ। ਵੱਡੇ-ਵੱਡੇ ਸੇਠਾਂ ਨੂੰ, ਸੱਠ-ਸੱਠ ਸਾਲ ਦੇ ਬੁੱਢਿਆਂ ਨੂੰ ਵੀਹ-ਵੀਹ ਸਾਲ ਦੀਆਂ ਕੁੜੀਆਂ। ਜਲੰਧਰ ਦੀਆਂ ਕੁੜੀਆਂ ਨੂੰ ਆਪਣੇ ਏਰੀਏ ਵਿਚ ਲਿਆ ਕੇ.....ਕੀ ਦੱਸਾਂ?

**ਸਿੰਮੀ** : ਕਿਹੜੇ ਯੁੱਗ ਭਲਾ ਹੋਵੇਗਾ ਰੰਡੀ ਦਾ?

**ਮਹਿੰਦਰ** : ਐਸ ਯੁੱਗ ਵਿਚ ਤਾਂ ਹੋਈ ਰਿਹੈ ਉਸ 'ਸਦਾ ਸੁਹਾਗਣ' ਦਾ। ਉਹ ਪੈੱਗ ਪੀ ਕੇ ਸਾਫ਼ ਕਹਿ ਦੇਂਦੀ ਏ-"ਪਾਲਾ ਈ ਮਰ ਗਿਐ, ਬਾਕੀ ਦੁਨੀਆਂ ਤਾਂ ਨਹੀਂ ਮਰ ਗਈ।"

**ਸਿੰਮੀ** : ਸ਼ਰਮ ਈ ਲਾਹ ਲਈ ਏ ਕੁੱਤੀ ਨੇ। ਸਿਆਣੇ ਕਹਿੰਦੇ ਨੇ ਰੱਬ ਦਾ ਖ਼ੌਫ਼ ਖਾਓ ਪਰ ਕਲਯੁੱਗ ਦਾ ਪਹਿਰਾ ਏ, ਤਾਂ ਹੀ ਇਵੇਂ ਹੋ ਰਿਹੈ।

**ਮਹਿੰਦਰ** : ਕਲਯੁਗ ਕਿਧਰੋਂ ਲੈਣ ਜਾਣੈਂ? ਸ਼ਾਮਾਂ ਨੂੰ ਵੇਖਿਉ ਕਾਲੇ ਸ਼ੀਸ਼ਿਆਂ ਵਾਲੀ ਦੁਕਾਨ ਦੇ ਆਸ-ਪਾਸ ਕਿੰਨੇ ਕਲਯੁਗ ਤੁਰੇ ਫਿਰਦੇ ਨੇ।

**ਸਿੰਮੀ** : ਜਿਵੇਂ ਦੀ ਆਪ ਨੇ ਨੂਰੀ, ਉਵੇਂ ਦੀ ਬੇਸ਼ਰਮ ਕੁੜੀ ਰੱਖ ਲਈ ਏ ਦੁਕਾਨ 'ਤੇ।

**ਮਹਿੰਦਰ** : ਦੋਹਾਂ ਦੀ ਰਾਸ਼ੀ ਇੱਕੋ ਵੇ! ਰੋਜ਼ੀ ਜਿਸ ਦਿਨ ਦੀ ਦੁਕਾਨ 'ਤੇ ਲੱਗੀ ਏ, ਉਹਦੇ ਖੰਭ ਉੱਗ ਪਏ ਨੇ, ਉਹਦਾ ਤਾਂ ਲੂੰ-ਲੂੰ ਟੱਪਦਾ ਪਿਐ। ਹਰਾਮਜਾਦੀ ਸਟੂਪਿਡ, ਪੜ੍ਹਾਈ ਵਿਚ ਤਾਂ ਇੱਕ ਨੰਬਰ ਦੀ ਡੱਲ ਸੀ, ਤਿੰਨ ਵਾਰ ਦਸਵੀਂ ਵਿਚੋਂ ਫੇਲ੍ਹ ਹੋ ਗਈ ਤੇ ਹੁਣ..... ਦੁਕਾਨ 'ਤੇ ਘੁੰਮਣ ਵਾਲੀ ਕੁਰਸੀ 'ਤੇ ਬਹਿ ਕੇ ਸਾਰੀ ਦੁਨੀਆਂ ਨੂੰ ਘੁੰਮਾਈ ਜਾਂਦੀ ਏ। ਫ਼ੂਨ ਫੜ ਕੇ ਬੋਲਦੀ ਏ ਹੈਲੋ.....ਥੈਂਕ ਯੂ.....ਬਾਏ.....ਓ.ਕੇ.। ਗੱਲਾਂ ਈ ਸਤਵੇਂ ਅਸਮਾਨ ਨੂੰ ਛੂਹਣ ਵਾਲੀਆਂ ਕਰਦੀ ਏ।

**ਸਿੰਮੀ** : ਰੱਬ ਬਚਾਵੇ ਇਵੇਂ ਦੀਆਂ ਕੁਲੱਛਣੀਆਂ ਤੋਂ।

**ਮਹਿੰਦਰ** : ਹੁਣ ਰੱਬ ਕਿਹਦੇ ਕਿਹਦੇ ਤੋਂ ਬਚਾਵੇ। ਦਿਨ-ਬ-ਦਿਨ ਪੁੱਠਾ ਗੇੜ ਤੇਜ਼ ਹੋਈ ਜਾ ਰਿਹੈ। ਨੂਰੀ ਤਾਂ ਰੱਬ ਨੂੰ ਟਿੱਚ ਸਮਝਦੀ ਏ, ਕਦੇ ਕਿਸੇ ਦੇ ਸਕੂਟਰ 'ਤੇ ਬੈਠੀ ਹੁੰਦੀ ਏ। ਇਕ ਦਿਨ ਕਿਸੇ ਦੀ ਕਾਰ 'ਚ ਬੈਠੀ ਮੂਰਖਾਂ ਵਾਂਗੂੰ ਹੱਸਦੀ ਪਈ ਸੀ। ਕਾਲੇ ਸ਼ੀਸ਼ੇ ਸੀ ਉਸ ਕਾਰ ਦੇ.....ਮੈਨੂੰ ਵੇਖਿਆ ਤਾਂ ਥੱਲੇ ਕਰ ਲਏ।

**ਸਿੰਮੀ** : ਕਾਲੇ ਸ਼ੀਸ਼ੇ..... ਮੈਨੂੰ ਡਰ ਲੱਗ ਰਿਹੈ। ਲੋਕਾਂ ਦੀ ਵੀ ਮੱਤ ਮਾਰੀ ਗਈ ਏ ਕੁੜੀਆਂ ਨੂੰ ਦੁਕਾਨਾਂ ਤੇ ਬਿਠਾ ਕੇ ਉਹਨਾਂ ਦੀ ਖੱਟੀ ਖਾਂਦੇ ਨੇ।

**ਮਹਿੰਦਰ** : ਕੁੜੀਆਂ ਵੀ ਚਿੱਟੀ ਚਮੜੀ ਵਾਲੀਆਂ ਰੱਖਦੇ ਨੇ ਛੋਟੇ-ਮੋਟੇ ਦਫ਼ਤਰਾਂ ਵਾਲੇ। ਕਾਲੇ ਰੰਗ ਦੀ ਕੁੜੀ ਨੂੰ ਤਾਂ ਉਹ ਨੇੜੇ ਨਹੀਂ ਫਟਕਣ ਦਿੰਦੇ। ਇਹ ਬਿਜਨਸ ਏ, ਬਿਜਨਸਮੈਨ ਨੇ ਇਹ ਵੇਖਣਾ ਹੁੰਦੈ ਉਹਨੇ ਗਾਹਕ ਕਿਵੇਂ ਖਿੱਚਣਾ ਏ। ਇਹਨਾਂ ਦੀਆਂ ਦੁਕਾਨਾਂ ਤੇ ਗਾਹਕਾਂ ਨੂੰ ਵੈਲਕਮ ਕਰੇ ਟਿਪ ਟਾਪ ਲੜਕੀ ਤੇ ਮੱਛੀ ਜਾਲ ਵਿਚ ਆਪੇ ਆ ਜਾਂਦੀ ਏ।

**ਸਿੰਮੀ** : ਦੁਨੀਆਂ ਇੰਨੀ ਉੱਪਰ ਪਹੁੰਚ ਗਈ ਏ? ਸੁਣ-ਸੁਣ ਕੇ ਮੇਰਾ ਤਾਂ ਸਿਰ ਚੱਕਰ ਖਾਣ ਲੱਗ ਪਿਐ।

| | | |
|---|---|---|
| **ਮਹਿੰਦਰ** | : | ਪਰ ਉਹਨਾਂ ਦਾ ਸਿਰ ਇਵੇਂ ਈ ਚਲਦੈ। ਮੈਂ ਤਾਂ ਆਪ ਹੈਰਾਨ ਹਾਂ, ਮੇਰੇ ਕੋਲ ਜਿੰਨੀਆਂ ਨਲੈਕ ਕੁੜੀਆਂ ਪੜ੍ਹਦੀਆਂ ਸੀ, ਬਹੁਤੀਆਂ ਉਹੀ ਦੁਕਾਨਾਂ ਚਲਾ ਰਹੀਆਂ ਨੇ। ਕਿਸੇ ਨੇ ਬਿਊਟੀ ਪਾਰਲਰ ਖੋਹਲ ਕੇ ਜ਼ਨਾਨੀਆਂ ਦੀ ਮੇਕ ਅੱਪ ਕਰਨ 'ਚ ਛੱਡੀ ਨਹੀਂ ਕਸਰ, ਕੋਈ ਟੁੱਟੇ ਜਿਹੇ ਡਾਕਟਰ ਦੀ ਨਰਸ ਬਣ ਕੇ ਲੋਕਾਂ ਦਾ ਬੁਖਾਰ ਲਾਹ ਰਹੀ ਏ, ਕੋਈ ਸਿਲਾਈ ਸਿੱਖ ਕੇ ਨਵੇਂ-ਨਵੇਂ ਫੈਸ਼ਨ ਚਲਾ ਕੇ ਲੋਕਾਂ ਨੂੰ ਭੁਲੇਖਿਆਂ ਵਿਚ ਪਾ ਰਹੀ ਏ, ਪੰਜਾਬੀ ਸੂਟ ਸੀਣ ਵਾਲੀ ਠਾਕਰੋ ਵਿਹਲੀ ਤੁਰੀ ਫਿਰਦੀ ਏ। |
| **ਸਿੰਮੀ** | : | ਮਾਂ ਪਿਓ ਵੀ ਬੇਸ਼ਰਮ ਹੋ ਗਏ ਨੇ ਜਿਹਨਾਂ ਨੂੰ ਆਪਣੇ ਖਾਨਦਾਨ ਦੀ ਇੱਜ਼ਤ ਦੀ ਰਤਾ ਪਰਵਾਹ ਨਹੀਂ। |
| **ਮਹਿੰਦਰ** | : | ਕੀ ਫਰਕ ਪੈਂਦੇ ਉਹਨਾਂ ਨੂੰ, ਘਰ ਬੈਠਿਆਂ ਨੂੰ ਚੰਗਾ ਚੋਖਾ ਖਾਣ ਨੂੰ ਮਿਲਦੈ। |
| **ਸਿੰਮੀ** | : | ਡੁੱਬ ਕੇ ਮਰ ਜਾਣ ਜਿਹੜੇ ਧੀਆਂ ਦੀ ਕਮਾਈ ਖਾ ਕੇ ਅਪਣਾ ਢਿੱਡ ਭਰਦੇ ਨੇ। ਇਹਨਾਂ ਦੇ ਢਿੱਡ ਵਿਚ ਪੈਣ ਕੀੜੇ। |
| **ਮਹਿੰਦਰ** | : | ਲੋਕਾਂ ਦੀ ਸੋਚ ਈ ਬਦਲ ਗਈ ਏ, ਹੁਣ ਤਾਂ ਜੋ ਕੁੱਝ ਹੁੰਦਾ ਪਿਐ, ਇੰਜ ਲਗਦੈ ਕੋਈ ਨਾਟਕ ਖੇਡ ਰਹੇ ਨੇ ਇਹ ਲੋਕ। |
| **ਸਿੰਮੀ** | : | (ਘਬਰਾਈ ਆਵਾਜ਼ ਵਿਚ) ਨਾਟਕ? |
| **ਮਹਿੰਦਰ** | : | ਹੋਰ ਕੀ, ਅਪਣਾ ਗੁਆਂਢੀ ਏ ਨਾ ਤਾਰਾ ਸਬਜ਼ੀ ਵਾਲਾ। |
| **ਸਿੰਮੀ** | : | ਉਹਨੂੰ ਕੀ ਹੋਇਐ? |
| **ਮਹਿੰਦਰ** | : | ਪੂਰਾ ਬਿਜਨਸਮੈਨ ਹੋ ਗਿਐ। ਜਦੋਂ ਆਪ ਦੁਕਾਨ 'ਤੇ ਬੈਠਾ ਹੁੰਦਾ ਸੀ, ਮੈਂ ਨਹੀਂ ਸੀ ਕਦੇ ਵੇਖਿਆ ਗਾਹਕ ਉਹਦੀ ਦੁਕਾਨ 'ਤੇ। ਗਾਹਕ ਤਾਂ ਉਹਦੀ ਸ਼ਕਲ ਵੇਖ ਕੇ ਦੂਰੋਂ ਈ ਤਿਤਰ ਹੋ ਜਾਂਦਾ ਸੀ। ਹੁਣ ਵੇਖ ਲੈ ਉਹਦੀ ਘਰ ਵਾਲੀ ਨੇ ਦੁਕਾਨਦਾਰੀ ਸੰਭਾਲ ਕੇ ਤਾਰੇ ਦੇ ਦਿਨ ਫੇਰ ਦਿੱਤੇ ਨੇ। ਮੂੰਹ ਨੂੰ ਕਰੀਮ ਨਾਲ ਪੇਂਟ ਕਰਕੇ ਤੇ ਚਿੱਟੇ ਵਾਲਾਂ ਨੂੰ ਕਾਲੀ ਮਹਿੰਦੀ ਲਾ ਕੇ ਸੋਲ੍ਹਾਂ ਵਰ੍ਹਿਆਂ ਦੀ ਮੁਟਿਆਰ ਬਣ ਕੇ ਬਹਿ ਜਾਂਦੀ ਏ ਦੁਕਾਨ 'ਤੇ ਬਣ ਠਣ ਕੇ। ਪੂਰਾ ਟੈਂਪੂ ਸਬਜ਼ੀ ਦਾ ਲੱਗ ਜਾਂਦੈ ਰੋਜ਼। |
| | | (ਫੂਨ ਦੀ ਘੰਟੀ ਫਿਰ ਖੜਕਦੀ ਹੈ, ਸਿੰਮੀ ਦਾ ਚਿਹਰਾ ਡਰ ਨਾਲ ਹੋਰ ਵੀ ਪੀਲਾ ਹੋ ਜਾਂਦਾ ਹੈ) |
| **ਸਿੰਮੀ** | : | ਫਿਰ ਆ ਗਿਆ ਫੂਨ..... |
| **ਮਹਿੰਦਰ** | : | ਮੈਂ ਆਪੇ ਚੁੱਕਣਾ। |
| **ਸਿੰਮੀ** | : | ਰਿਸੀਵਰ ਨਾ ਈ ਚੁੱਕੋ ਭਾ ਜੀ। |
| **ਮਹਿੰਦਰ** | : | ਭਰਜਾਈ, ਬੰਦਾ ਇੰਨਾ ਕੀ ਪਜ਼ਲ ਹੋਵੇ। |
| | | (ਰਸੀਵਰ ਚੁੱਕ ਕੇ ਗੱਲ ਕਰਦਾ ਹੈ) |
| | | ਹੈਲੋ, ਕੌਣ? |

**(ਚਲਦਾ)**

●  ●  ●

**ਜੀਵਨ ਵਿਚ ਜੋ ਸਬਕ ਖਾਲੀ ਪੇਟ, ਖਾਲੀ ਜੇਬ ਤੇ ਮਾੜਾ ਸਮਾਂ ਸਿਖਾਉਂਦਾ ਹੈ। ਉਹ ਕੋਈ ਵੀ ਸਕੂਲ ਜਾਂ ਯੂਨੀਵਰਸਿਟੀ ਨਹੀਂ ਸਿਖਾਉਂਦੀ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸੁਸਾਇਟੀ ਜਲੰਧਰ, ਫੋਰਮ ਅੰਮ੍ਰਿਤਸਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬੀਬੀ ਜਗੀਰ ਕੌਰ ਜੀ ਨੂੰ ਭੇਜੇ ਗਏ ਨੋਟਿਸ ਸੰਬੰਧੀ ਦਿੱਤਾ ਗਿਆ ਮੰਗ ਪੱਤਰ



**ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ**
**ਸਤਿਕਾਰਯੋਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ**
**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥**

ਅਕਾਲ ਤਖ਼ਤ ਸਾਹਿਬ ਪਰਮਾਤਮਾ ਦੀ ਰੂਹਾਨੀ ਅਤੇ ਬੁਨਿਆਦੀ ਪ੍ਰਭੂਸੱਤਾ ਦੀ ਇਸ ਧਰਤੀ ਉੱਤੇ ਪ੍ਰਤੀਨਿਧਤਾ ਕਰਦੀ ਕੇਂਦਰ ਸੰਸਥਾ ਹੈ। ਅਕਾਲ ਤਖ਼ਤ ਸਾਹਿਬ ਨੇ ਪਰਮਾਤਮਾ ਦੀ ਸ਼ਕਤੀ ਨੂੰ ਮਨੁੱਖੀ ਕਰਮ ਅਤੇ ਸਮਾਜਿਕਤਾ ਦੀਆਂ ਲੋੜਾਂ ਅਨੁਸਾਰ ਦਿਸ਼ਾ ਪ੍ਰਦਾਨ ਕਰਨ ਦੇ ਯਤਨਾਂ ਵਜੋਂ ਨਿਸ਼ਚਿਤ ਨਿਯਮਾਵਲੀ ਅਤੇ ਮਰਯਾਦਾ ਦਿੱਤੀ ਹੈ ਜੀ। ਅਕਾਲ ਤਖ਼ਤ ਸਾਹਿਬ ਸਮੁੱਚੇ ਤੌਰ ’ਤੇ ਧਰਮ ਅਤੇ ਮਨੁੱਖੀ ਸੱਚ ਦੀ ਰਾਖੀ ਕਰਨ ਵਾਲੀ ਵਿਸ਼ਵ ਪ੍ਰਭਾਵੀ ਸੰਸਥਾ ਹੈ। ਆਪ ਜੀ ਇਸ ਸੰਸਥਾ ਉੱਪਰ ਗੁਰੂ ਦੀ ਕਿਰਪਾ ਦੁਆਰਾ ਬਤੌਰ ਜਥੇਦਾਰ ਅਕਾਲ ਤਖ਼ਤ ਸਾਹਿਬ ਬਿਰਾਜਮਾਨ ਹੋ। ਸਿੱਖ ਪੰਥ ਆਪ ਜੀ ਪਾਸੋਂ ਸ਼ਕਤੀਸ਼ਾਲੀ ਨਿਰਪੱਖ ਅਤੇ ਹੋਰ ਚਮਤਕਾਰ ਦੀ ਆਸ ਰੱਖਦਾ ਹੈ। ਪਰ ਅਜਿਹਾ ਕਾਰਜ ਹਰਗਿਜ਼ ਵੀ ਨਹੀਂ ਜਿਸ ਨਾਲ ਸਮੁੱਚੀ ਸਿੱਖ ਕੌਮ ਦੇ ਹਿਰਦੇ ਝੰਜੋੜ ਕੇ ਰੱਖ ਦੇਵੇ। ਇੰਝ ਲੱਗਦਾ ਹੈ ਕਿ ਸਿੰਘ ਸਾਹਿਬਾਨ ਦੀ ਪਦਵੀ ਇਕ ਘਿਰੀ ਹੋਈ ਮਾਨਸਿਕਤਾ ਵਿਚ ਵਿਚਰਦੀ ਹੋਈ ਸਿੱਖ ਸੱਭਿਅਤਾ ਦੀ ਉਤਪਤੀ ਵਿਚ ਮਹੱਤਵਪੂਰਨ ਯੋਗਦਾਨ ਨਿਭਾਉਣ ਦੀ ਇੱਛਾ ਰੱਖਦੀ ਹੋਈ ਬੇਵੱਸ ਬਣੀ ਹੋਈ ਹੈ। ਇਹ ਪੰਜ ਪਿਆਰਿਆਂ ਦੀ ਸੰਸਥਾ, ਗੁਰਮਤੇ ਦੀ ਸੰਸਥਾ, ਹੁਕਮਨਾਮੇ ਦੀ ਸੰਸਥਾ ਹੈ। ਇਸ ਦੇ ਆਧਾਰ ਤੇ ਇਸ ਦੇ ਜਥੇਦਾਰ ਸਾਹਿਬ ਜੀ ਨੂੰ ਪੰਜ ਪਿਆਰਿਆਂ ਦੇ ਰੂਪ ਵਿਚ ਆਪਣੀਆਂ ਜ਼ੁੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ ਜੀ। ਆਪ ਜੀ ਸਿੱਖ ਕੌਮ ਦੇ ਸਰਵਉੱਚ ਧਾਰਮਿਕ ਸਥਾਨ ਤੇ ਬਿਰਾਜਮਾਨ ਹੋ, ਇਸ ਲਈ ਅਸੀਂ ਆਪਣੇ ਆਪ ਨੂੰ ਤੁੱਛ ਬੁੱਧੀ ਦੇ ਜੀਵ

ਹੁੰਦੇ ਹੋਏ ਆਪ ਨੂੰ ਕੋਈ ਰਾਏ ਦੇਣ ਦੇ ਕਾਬਲ ਨਹੀਂ ਸਮਝਦੇ, ਕੇਵਲ ਬੇਨਤੀ ਕਰਦੇ ਹਾਂ ਕਿ ਆਪ ਜੀ ਵੱਲੋਂ ਬੀਬੀ ਜੀ ਨੂੰ ਅਕਾਲੀ ਦਲ ਦੇ ਇਕ ਧੜੇ ਵੱਲੋਂ ਕਰਵਾਈ ਸ਼ਿਕਾਇਤ ਤੇ ਨੋਟਿਸ ਭੇਜਿਆ ਹੈ, ਉਸ ਨੂੰ ਕਿਸੇ ਵੀ ਗੁਰਭਾਈ ਸਿੱਖ ਨੇ ਠੀਕ ਨਹੀਂ ਸਮਝਿਆ ਹੈ। ਕੋਈ ਵੀ ਇਸਤਰੀ ਕਿਸੇ ਦੀ ਮਾਂ, ਕਿਸੇ ਦੀ ਧੀ, ਕਿਸੇ ਦੀ ਭੈਣ ਹੈ। ਗੁਰੂ ਮਹਾਰਾਜ ਜੀ ਦਾ ਵੀ ਫ਼ੁਰਮਾਨ ਹੈ –

**ਭੰਡਿ ਜੰਮੀਐ ਭੰਡਿ ਨਿਮੀਐ ਭੰਡਿ ਮੰਗਣ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡ ਮੁਆ ਭੰਡ ਭਾਲੀਐ ਭੰਡ ਹੋਵੈ ਬੰਧਾਨ ॥**
**ਸੋ ਕਿਉ ਮੰਦਾ ਆਖੀਐ ਜਿਤ ਜਮਹਿ ਰਾਜਾਨ ॥**

ਬੀਬੀ ਜੀ ਨੇ ਸਿੱਖ ਕੌਮ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਤੌਰ ਪ੍ਰਧਾਨ ਚਾਰ ਵਾਰ ਜ਼ੁੰਮੇਵਾਰੀ ਬਾਖ਼ੂਬੀ ਨਾਲ ਨਿਭਾਈ ਅਤੇ ਜਿਸ ਧੜੇ ਵੱਲੋਂ ਉਹਨਾਂ ਨੂੰ ਉਨ੍ਹਾਂ ਦੀ ਯੋਗਤਾ ਦੇਖਦੇ ਹੋਏ ਇਹ ਜ਼ੁੰਮੇਵਾਰੀ ਬਾਰ-ਬਾਰ ਸੌਂਪੀ ਹੋਈ ਹੈ ਅੱਜ ਉਸੇ ਧੜੇ ਦੇ ਸ਼ਰਾਰਤੀ ਲੋਕ ਆਪਣੀ ਸਿਆਸੀ ਕਿੜ ਕੱਢਣ ਲਈ ਅਜਿਹੀ ਕੋਝੀ ਹਰਕਤ ਕਰਨ, ਜੋ ਕਿ ਠੀਕ ਨਹੀਂ ਹੈ। ਬੀਬੀ ਜੀ ਸਿੱਖ ਕੌਮ ਦੇ ਮਹਾਨ ਤਪੱਸਵੀ, ਰਾਜਯੋਗੀ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ ਸਥਾਨ ਤੇ ਬਤੌਰ ਮੁੱਖ ਸੇਵਾਦਾਰ 40 ਸਾਲ ਤੋਂ ਸੇਵਾ ਨਿਭਾਅ ਰਹੇ ਹਨ। ਸੰਤਾਂ ਨੇ ਆਪਣਾ ਸਾਰਾ ਜੀਵਨ ਪੰਥ ਲਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੀ ਸੇਵਾ ਵਿਚ ਲਾਇਆ। ਸੰਤਾਂ ਨੇ ਬਤੌਰ ਐਕਸੂਕਿਊਟਿਵ ਮੈਂਬਰ ਅਤੇ ਐਮ.ਐਲ.ਏ. ਹੁੰਦੇ ਹੋਏ ਸਾਰੀ ਜ਼ਿੰਦਗੀ ਅਕਾਲ ਤਖ਼ਤ ਸਾਹਿਬ ਦੀ ਮਰਿਯਾਦਾ ਅਤੇ ਸਿਧਾਂਤਾਂ ਤੇ ਪਹਿਰਾ ਦਿੱਤਾ। ਬੀਬੀ ਜੀ ਉਹਨਾਂ ਮਹਾਨ ਸੰਤਾਂ ਦੇ ਪਰਿਵਾਰਿਕ ਮੈਂਬਰ ਵੀ ਹਨ। ਇਸ ਲਈ ਖੁਦ ਅਕਾਲ ਤਖ਼ਤ ਦੇ ਸਿਧਾਂਤਾਂ ਦੀ ਪਹਿਰੇਦਾਰ ਕਦੀ ਵੀ ਕੋਈ ਬੱਜਰ ਕੁਰਹਿਤ ਕਰਨ ਦਾ ਸੋਚ ਵੀ ਨਹੀਂ ਸਕਦੀ। ਉਨ੍ਹਾਂ ਦੀ ਬੇਟੀ ਨੂੰ ਗੁਜ਼ਰੇ ਕਈ ਦਹਾਕੇ ਹੋ ਗਏ ਹਨ ਜੋ ਕਿ ਕੇਵਲ ਇਕ ਦੁਰਘਟਨਾ ਸੀ। ਉਸ ਤੇ ਕੋਈ ਵਿਅੰਗ ਜਾਂ ਤਰਕ ਕਰਨਾ ਕਿਸੇ ਵੀ ਸਿੱਖ ਨੂੰ ਸ਼ੋਭਾ ਨਹੀਂ ਦਿੰਦਾ। ਇਸ ਦੁਰਘਟਨਾ ਸੰਬੰਧੀ ਬੀਬੀ ਜਗੀਰ ਕੌਰ ਜੀ ਵੱਲੋਂ ਦਹਾਕਿਆਂ ਤੋਂ ਪਹਿਲਾਂ ਹੀ ਪੀੜ੍ਹਾ ਹੰਢਾ ਚੁੱਕੇ ਹਨ। ਤੁਹਾਡੇ ਵੱਲੋਂ ਜਾਰੀ ਕੀਤੇ ਗਏ ਨੋਟਿਸ ਵਿਚ ਇਕ ਔਰਤ ਦੇ ਨਿੱਜੀ ਸਰੂਪ ਸੰਬੰਧੀ ਅਪਮਾਨਜਨਕ ਦੋਸ਼ ਪ੍ਰਗਟਾਏ ਗਏ ਹਨ ਜਿਸ ਸੰਬੰਧੀ ਸਮੁੱਚੇ ਸਿੱਖ ਜਗਤ ਸਮਾਜ ਦੀਆਂ ਔਰਤਾਂ ਲਈ ਅਜਿਹੀ ਕਾਰਵਾਈ ਤੇ ਚਿੰਤਤ ਹਨ। ਉਨ੍ਹਾਂ ਵਿਰੁੱਧ ਕੀਤੀ ਸ਼ਿਕਾਇਤ ਕਾਰਨ ਅੱਜ ਹਰ ਸਿੱਖ ਔਰਤ ਦੇ ਦਿਲ ਨੂੰ ਵੀ ਸੱਟ ਲੱਗੀ ਹੈ ਅਤੇ ਖਾਸ ਕਰਕੇ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ ਸਮੁੱਚੇ ਜਗਤ ਵਿਚ ਬੈਠੀ ਸੰਗਤ ਨੂੰ ਜੋ ਕਿ ਇਸ ਘਟਨਾ ਤੋਂ ਬਹੁਤ ਚਿੰਤਤ ਹਨ। ਦੇਸ਼-ਵਿਦੇਸ਼ ਵਿਚ ਵਸਦੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਲੱਖਾਂ ਪੈਰੋਕਾਰਾਂ ਵੱਲੋਂ ਆਪ ਜੀ ਵੱਲੋਂ ਜਾਰੀ ਕੀਤੇ ਗਏ ਨੋਟਿਸ ਨੂੰ ਬੜੀ ਗੰਭੀਰਤਾ ਨਾਲ ਲਿਆ ਹੈ ਅਤੇ ਸਮੁੱਚੀ ਸੰਗਤ ਵੱਲੋਂ ਆਪ ਜੀ ਨੂੰ ਬੇਨਤੀ ਹੈ ਕਿ ਬੀਬੀ ਜਗੀਰ ਕੌਰ ਜੀ ਨੂੰ ਜਾਰੀ ਕੀਤੇ ਨੋਟਿਸ ਨੂੰ ਵਾਪਿਸ ਲਿਆ ਜਾਵੇ ਤਾਂ ਕਿ ਸਮੁੱਚੀ ਸਿੱਖ ਸਮਾਜ ਅੰਦਰ ਆਪਸੀ ਭਾਈਚਾਰਾ ਕਾਇਮ ਰਹਿ ਸਕੇ।

ਇਹ ਮੰਗ ਪੱਤਰ ਦੇਣ ਮੌਕੇ ਸ. ਭਗਵਾਨ ਸਿੰਘ ਲੁਬਾਣਾ ਪ੍ਰਧਾਨ ਬਮਸ਼ਲ ਫਾਊਂਡੇਸ਼ਨ (ਰਜਿ.) ਚੰਡੀਗੜ੍ਹ, ਸ. ਮਹਿੰਦਰ ਸਿੰਘ ਪ੍ਰਧਾਨ ਡੀ.ਐਸ.ਪੀ. ਬਮਸ਼ਲ ਸੁਸਾਇਟੀ ਜਲੰਧਰ, ਸ. ਬਲਦੇਵ ਸਿੰਘ ਮੁੰਦਰ ਬਮਸ਼ਲ ਵੈਲਫੇਅਰ ਫੋਰਮ ਅੰਮ੍ਰਿਤਸਰ, ਸ. ਸੁਰਿੰਦਰ ਸਿੰਘ ਰੂਬੀ ਸੀਨੀਅਰ ਮੀਤ ਪ੍ਰਧਾਨ ਫਾਊਂਡੇਸ਼ਨ, ਸ. ਪੀ.ਪੀ. ਸਿੰਘ ਵਰਕਿੰਗ ਕਮੇਟੀ ਮੈਂਬਰ ਫਾਊਂਡੇਸ਼ਨ, ਸ. ਬਲਜੀਤ ਸਿੰਘ ਭਗਤਾਣਾ ਵਰਕਿੰਗ ਕਮੇਟੀ ਮੈਂਬਰ ਫਾਊਂਡੇਸ਼ਨ, ਸ. ਸੁਖਵੰਤ ਸਿੰਘ ਵਰਕਿੰਗ ਕਮੇਟੀ ਮੈਂਬਰ ਫਾਊਂਡੇਸ਼ਨ, ਸ. ਅਵਤਾਰ ਸਿੰਘ ਡੀ.ਐਸ.ਪੀ. ਵਰਕਿੰਗ ਕਮੇਟੀ ਮੈਂਬਰ ਫਾਊਂਡੇਸ਼ਨ, ਸ. ਤਰਲੋਚਨ ਸਿੰਘ ਵੈਲਫੇਅਰ ਫੋਰਮ ਅੰਮ੍ਰਿਤਸਰ, ਸ. ਅਵਤਾਰ ਸਿੰਘ ਲੈਕਚਰਾਰ ਵੈਲਫੇਅਰ ਸੁਸਾਇਟੀ ਜਲੰਧਰ, ਸ. ਮਨਜੀਤ ਸਿੰਘ ਵੈਲਫੇਅਰ ਸੁਸਾਇਟੀ ਜਲੰਧਰ, ਇੰਸੈਪਕਟਰ ਸ. ਭੁਪਿੰਦਰ ਸਿੰਘ ਵੈਲਫੇਅਰ ਸੁਸਾਇਟੀ ਜਲੰਧਰ, ਇੰਸਪੈਕਟਰ ਸ. ਗੁਰਮੀਤ ਸਿੰਘ ਕਾਰਜਕਾਰਨੀ ਮੈਂਬਰ ਫਾਊਂਡੇਸ਼ਨ, ਮਾਸਟਰ ਮੋਹਨ ਸਿੰਘ ਵੈਲਫੇਅਰ ਸੁਸਾਇਟੀ ਜਲੰਧਰ ਅਤੇ ਮੈਨੇਜਰ ਸ. ਪ੍ਰਤਾਪ ਵੈਲਫੇਅਰ ਸੁਸਾਇਟੀ ਜਲੰਧਰ ਹਾਜ਼ਰ ਸਨ।

**ਪ੍ਰਧਾਨ ਅਤੇ ਸਮੂਹ ਮੈਂਬਰ ਸਾਹਿਬਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਸੁਸਾਇਟੀ (ਰਜਿ.) ਜਲੰਧਰ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਫੋਰਮ (ਰਜਿ.) ਅੰਮ੍ਰਿਤਸਰ**

# ਖ਼ੁਦਕੁਸ਼ੀ : ਭਾਰਤ 'ਚ ਫੈਲੀ ਮਹਾਂਮਾਰੀ

ਆਰਥਕ ਤੰਗੀ ਅਤੇ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਦੇਸ਼ ਦੇ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਹਨ। ਸਾਧਨ ਵਿਹੂਣੇ ਖੇਤ ਮਜ਼ਦੂਰ, ਮਜ਼ਦੂਰ ਵੀ ਬੇਵਸ ਹਨ, ਅਨਿਆਈ ਮੌਤੇ ਮਰ ਰਹੇ ਹਨ। ਦੇਸ਼ ਦੇ ਨੌਜਵਾਨ ਖ਼ਾਸ ਕਰਕੇ ਵਿਦਿਆਰਥੀ ਬੇਰੁਜ਼ਗਾਰੀ, ਪਰਿਵਾਰਕ ਸਮੱਸਿਆਵਾਂ, ਮਾਨਸਿਕ ਭੇਦਭਾਵ ਅਤੇ ਦੁਰਵਿਵਹਾਰ ਕਾਰਨ ਨਿੱਤ ਦਿਹਾੜੇ ਖ਼ੁਦਕੁਸ਼ੀਆਂ ਕਰ ਰਹੇ ਹਨ। ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ, ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਹਨ। ਖ਼ੁਦਕੁਸ਼ੀਆਂ 'ਚ ਦੇਸ਼ ਵਿੱਚ ਸਾਲ-ਦਰ-ਸਾਲ ਵਾਧਾ ਹੋ ਰਿਹਾ ਹੈ।

ਖ਼ੁਦਕੁਸ਼ੀ, ਮਹਾਂਮਾਰੀ ਦਾ ਰੂਪ ਧਾਰਨ ਕਰ ਰਹੀ ਹੈ। 28 ਅਗਸਤ 2024 ਨੂੰ ਐਨ.ਸੀ.ਆਰ.ਬੀ. (ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ) ਦੇ ਅੰਕੜਿਆਂ ਦੇ ਅਧਾਰ 'ਤੇ ਇੱਕ ਰਿਪੋਰਟ ਅਨੁਸਾਰ ਛੋਟੀ ਉਮਰ ਦੇ ਨੌਜਵਾਨਾਂ ਦੀ ਖ਼ੁਦਕੁਸ਼ੀ ਦਾ ਕਾਰਨ 54 ਫ਼ੀਸਦੀ ਸਿਹਤ ਸਮੱਸਿਆਵਾਂ, 36 ਫ਼ੀਸਦੀ ਨਾਕਾਰਾਤਮਕ ਪਰਿਵਾਰਕ ਮੁੱਦੇ 23 ਫ਼ੀਸਦੀ ਸਿੱਖਿਆ ਸਮੱਸਿਆਵਾਂ ਅਤੇ 20 ਫ਼ੀਸਦੀ ਸਮਾਜਿਕ ਅਤੇ ਜੀਵਨ ਸ਼ੈਲੀ ਕਾਰਕ ਹਨ। ਉਂਜ ਹਿੰਸਾ ਕਾਰਨ 22 ਫ਼ੀਸਦੀ, ਆਰਥਿਕ ਸੰਕਟ ਕਾਰਨ 9.1 ਫ਼ੀਸਦੀ ਅਤੇ ਭਾਵਾਤਮਕ ਸਬੰਧਾਂ ਕਾਰਨ 9 ਫ਼ੀਸਦੀ ਨੌਜਵਾਨ ਖ਼ੁਦਕੁਸ਼ੀ ਕਰਦੇ ਹਨ। ਸਰੀਰਕ ਅਤੇ ਯੌਨ ਸ਼ੋਸ਼ਣ, ਘੱਟ ਉਮਰ 'ਚ ਮਾਂ ਬਨਣਾ, ਘਰੇਲੂ ਹਿੰਸਾ, ਲਿੰਗਕ ਭੇਦਭਾਵ ਅਤੇ ਕਈ ਐਸੇ ਕਾਰਨ ਹਨ, ਜਿਹਨਾ ਕਾਰਨ ਨੌਜਵਾਨ ਲੜਕੀਆਂ ਖ਼ੁਦਕੁਸ਼ੀ ਕਰਦੀਆਂ ਹਨ।


ਗੁਰਮੀਤ ਸਿੰਘ
ਪਲਾਹੀ
98158-02070




ਵਿਦਿਆਰਥੀਆਂ 'ਚ ਵਧਦੀਆਂ ਖ਼ੁਦਕੁਸ਼ੀਆਂ ਪੂਰੇ ਸਮਾਜ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਹਨ। 3 ਦਸੰਬਰ 2023 ਦੀ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ) ਵਲੋਂ ਜਾਰੀ ਸਲਾਨਾ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ 1,70,924 ਖ਼ੁਦਕੁਸ਼ੀਆਂ ਸਾਲ 2022 ਵਿੱਚ ਰਿਕਾਰਡ ਕੀਤੀਆਂ ਗਈਆਂ ਹਨ। ਇਹ ਗਿਣਤੀ 2021 ਨਾਲੋਂ 4.2 ਫ਼ੀਸਦੀ ਅਤੇ 2018 ਦੀ ਤੁਲਨਾ 'ਚ 27 ਫ਼ੀਸਦੀ ਵੱਧ ਹੈ। ਇਹ ਅੰਕੜਾ ਪ੍ਰਤੀ ਇੱਕ ਲੱਖ 'ਤੇ 12.4 ਹੈ, ਜੋ ਭਾਰਤ ਵਿੱਚ ਹਰ ਵਰ੍ਹੇ ਦਰਜ ਕੀਤੇ ਜਾਣ ਵਾਲੇ ਆਤਮ ਹੱਤਿਆ ਦੇ ਅੰਕੜਿਆਂ 'ਚ ਉੱਚੇ ਦਰਜੇ 'ਤੇ ਹੈ।

ਵਿਦਿਆਰਥੀ ਜਦੋਂ ਆਪਣੇ ਪਰਿਵਾਰ ਤੋਂ ਦੂਰ, ਕੋਚਿੰਗ ਸੈਂਟਰਾਂ ਦੇ ਨਵੇਂ ਮਾਹੌਲ ਵਿੱਚ ਆਉਂਦੇ ਹਨ, ਤਾਂ ਬਹੁਤ ਕੁਝ ਉਹਨਾ ਨਾਲ ਇਹੋ ਜਿਹਾ ਹੁੰਦਾ ਹੈ, ਜਿਸਦੇ ਬਾਰੇ ਉਹਨਾ ਪਹਿਲਾਂ ਸੋਚਿਆ ਵੀ ਨਹੀਂ ਹੁੰਦਾ। ਵਿੱਤੀ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਉਤੇ ਤਾਂ ਜਲਦੀ ਤੋਂ ਜਲਦੀ ਕੁਝ ਬਣਕੇ ਆਪਣੇ ਪਰਿਵਾਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੱਧ ਹੁੰਦੀ ਹੈ, ਲੇਕਿਨ ਨੌਕਰੀ ਨਾ ਮਿਲਣ ਜਾਂ ਪਲੇਸਮੈਂਟ ਨਾ ਹੋਣ ਦੀ ਸੰਭਾਵਨਾ ਵੀ ਕਾਫ਼ੀ ਹੁੰਦੀ ਹੈ। ਇਹੋ ਜਿਹੇ 'ਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਲਈ ਕੋਚਿੰਗ ਸੈਂਟਰ ਵੀ ਜ਼ੁੰਮੇਵਾਰ ਬਣਦੇ ਹਨ, ਜੋ ਦਾਖ਼ਲੇ ਵੇਲੇ ਵਿਦਿਆਰਥੀਆਂ ਨੂੰ ਉੱਚੇ ਸਬਜ ਬਾਗ ਦਿਖਾਉਂਦੇ ਹਨ।

ਜੇਕਰ ਭਾਰਤ 'ਚ ਖ਼ੁਦਕੁਸ਼ੀਆਂ ਦੇ ਵਧਦੇ ਮਾਮਲਿਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ ਤਾਂ ਸਮਾਜ ਦੇ ਵੱਖੋ-ਵੱਖਰੇ ਵਰਗਾਂ ਦੇ ਨਾਲ-ਨਾਲ ਦੇਸ਼ ਭਰ ਦੇ ਵਿਦਿਆਰਥੀ 'ਚ ਖ਼ੁਦਕੁਸ਼ੀ ਕਰਨ ਦੇ ਮਾਮਲੇ ਵਧਦੇ ਜਾ ਰਹੇ ਹਨ।

ਕਿਧਰੇ ਕੋਈ ਐਮ.ਬੀ.ਬੀ.ਐਸ. ਦਾ ਵਿਦਿਆਰਥੀ ਖ਼ੁਦਕੁਸ਼ੀ ਕਰ ਕਰਦਾ ਹੈ, ਕਿਧਰੇ ਆਈ.ਆਈ.ਟੀਜ਼ ਤੋਂ ਖ਼ੁਦਕੁਸ਼ੀ ਦੀ ਖ਼ਬਰ ਆਉਂਦੀ ਹੈ। ਕਾਰਨ ਪੜ੍ਹਾਈ ਦਾ ਦਬਾਅ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ 2018 ਤੋਂ 2023 ਦੇ 5 ਸਾਲਾਂ ਵਿੱਚ ਆਈ ਆਈ ਟੀ, ਐਨ.ਆਈ.ਟੀ., ਆਈ.ਆਈ.ਐਮ., ਜਿਹੀਆਂ ਦੇਸ਼ ਦੇ ਉੱਚ ਸਿੱਖਿਆ ਸੰਸਥਾਵਾਂ ਵਿੱਚ 60 ਤੋਂ ਜ਼ਿਆਦਾ ਵਿਦੀਆਰਥੀਆਂ ਨੇ ਆਪਣੇ ਉੱਤੇ ਪੈਟਰੋਲ ਛਿੜਕਕੇ, ਹੋਸਟਲ ਦੀ ਉੱਚੀ ਮੰਜ਼ਿਲ ਤੋਂ ਚਾਲ ਮਾਰਕੇ ਖ਼ੁਦਕੁਸ਼ੀ ਕੀਤੀ। ਇਹਨਾਂ ਵਿੱਚੋਂ 34 ਵਿਦਿਆਰਥੀ ਆਈ.ਆਈ.ਟੀ. ਸੰਸਥਾਵਾਂ ਦੇ ਸਨ।

ਦਰਅਸਲ ਸਿੱਖਿਆ ਅਤੇ ਕਰੀਅਰ ਵਿੱਚ ਮਾਤਾ-ਪਿਤਾ ਤੇ ਅਧਿਆਪਕਾਂ ਦੀ ਆਪਣੇ ਬੱਚਿਆਂ ਤੋਂ ਚੰਗੀ ਕਾਰਗੁਜਾਰੀ ਦੀ ਹੋੜ ਦੇ ਚਲਦਿਆਂ ਵਿਦਿਆਰਥੀਆਂ ਉੱਤੇ ਪੜ੍ਹਾਈ ਦਾ ਨਾਕਾਰਾਤਮਕ ਅਸਰ ਵੱਡਾ ਹੈ। ਸਾਡੀ ਸਿੱਖਿਆ ਪ੍ਰਣਾਲੀ ਅੰਕਾਂ 'ਤੇ ਅਧਾਰਤ ਹੈ। ਇਸ ਵਿੱਚ ਮਾਤਾ-ਪਿਤਾ ਦਾ ਦਬਾਅ ਬਚਪਨ ਤੋਂ ਹੀ ਬੱਚਿਆਂ 'ਤੇ ਜ਼ਿਆਦਾ ਰਹਿੰਦਾ ਹੈ। ਸਕੂਲਾਂ ਵਿੱਚ ਵੀ ਅਧਿਆਪਕ ਵਿਦਿਆਰਥੀ ਦੀ ਯੋਗਤਾ ਅੰਕਾਂ ਤੋਂ ਪਰਖਦੇ ਹਨ। ਜਿਹੜਾ ਬੱਚਿਆਂ ਦੇ ਮਾਨਸਿਕ ਵਿਕਾਸ 'ਚ ਵੱਡੀ ਰੁਕਾਵਟ ਬਣ ਰਿਹਾ ਹੈ। ਇਸ ਤੋਂ ਵੀ ਅੱਗੇ ਇੰਟਰਨੈੱਟ ਦੇ ਪਸਾਰ ਨੇ ਵਿਦਿਆਰਥੀਆਂ ਦੀ ਸੋਚ ਉੱਤੇ ਵੱਡਾ ਅਸਰ ਪਾਇਆ ਹੈ। ਇੱਕ ਵਿਸ਼ੇਸ਼ਣ ਅਨੁਸਾਰ ਵੀਹ ਫ਼ੀਸਦੀ ਕਾਲਜ ਵਿਦਿਆਰਥੀ, ਇੰਟਰਨੈੱਟ ਦੇ ਬੁਰੀ ਤਰ੍ਹਾਂ ਆਦੀ ਹੋ ਚੁੱਕੇ ਹਨ, ਇਹਨਾ ਵਿੱਚੋਂ ਇੱਕ ਤਿਹਾਈ ਯੁਵਕ ਸਾਈਬਰ ਠੱਗੀ ਦਾ ਸ਼ਿਕਾਰ ਹੁੰਦੇ ਹਨ ਅਤੇ ਉਹਨਾ ਵਿੱਚੋਂ ਇੱਕ ਤਿਹਾਈ ਖ਼ੁਦਕੁਸ਼ੀ ਕਰ ਲੈਂਦੇ ਹਨ।

ਰਾਜਸਥਾਨ ਵਿੱਚ ਕੋਟਾ ਸ਼ਹਿਰ ਵਿੱਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦੀਆਂ ਵੱਧ ਰਹੀਆਂ ਘਟਨਾਵਾਂ ਦੀ ਦਰ ਨਾਲ ਹਰ ਕੋਈ ਦੁੱਖੀ ਹੈ, ਇਥੇ ਨੀਟ, ਜੇ.ਈ.ਈ. ਅਤੇ ਹੋਰ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰਨ ਵਾਲੇ ਨੌਜਵਾਨ ਵਿਦਿਆਰਥੀ ਨਿਰੰਤਰ ਆਪਣੀ ਜਾਨ ਦਿੰਦੇ ਰਹੇ ਹਨ। ਕੀ ਇਹੋ ਜਿਹੀਆਂ ਘਟਨਾਵਾਂ ਨੂੰ ਵਾਪਰਣ ਤੋਂ ਰੋਕਣਾ ਸਰਕਾਰੀ ਪ੍ਰਸ਼ਾਸ਼ਨ ਦੀ ਜ਼ੁੰਮੇਵਾਰੀ ਨਹੀਂ ਹੈ?

ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਮਾਮਲੇ 'ਚ

ਮਨੋਚਕਿਤਸਕਾਂ ਦਾ ਵਿਚਾਰ ਹੈ ਕਿ ਵਿਦਿਆਰਥੀਆਂ 'ਚ ਵੱਧ ਰਹੀਆਂ ਖ਼ੁਦਕੁਸ਼ੀਆਂ ਦਾ ਕਾਰਨ ਵਿਦਿਆਰਥੀ ਉੱਤੇ ਪੜ੍ਹਾਈ ਦਾ ਉਹਨਾਂ ਦੀ ਸਮਰੱਥਾ ਤੋਂ ਵੱਧ ਬੋਝ ਅਤੇ ਇਮਤਿਹਾਨਾਂ ਵਿੱਚ ਵੱਧ ਤੋਂ ਵੱਧ ਅੰਕ ਲੈਣ ਦੀ ਹੋੜ ਹੈ। ਮੌਜੂਦਾ ਸਿੱਖਿਆ ਪ੍ਰਣਾਲੀ ਨੂੰ "ਡਾਟਾ ਔਰੀਐਨਟਿਡ" ਰੱਖਣਾ ਕਿਸੇ ਤਰ੍ਹਾਂ ਦੀ ਵਿਦਿਆਰਥੀ ਦੀ ਮਾਨਸਿਕ ਸਿਹਤ ਦੇ ਅਨੁਕੂਲ ਨਹੀਂ ਹੈ। ਅਸਲ 'ਚ ਮਾਪੇ ਆਪਣੇ ਬੱਚਿਆਂ ਤੋਂ ਇਸ ਗੱਲ ਦੀ ਬੇਲੋੜੀ ਆਸ ਰੱਖਦੇ ਹਨ ਕਿ ਜੋ ਕੁਝ ਉਹ ਜ਼ਿੰਦਗੀ 'ਚ ਨਹੀਂ ਬਣ ਸਕੇ, ਉਹਨਾਂ ਦੇ ਬੱਚੇ ਉਹ ਕੁਝ ਬਨਣ। ਇਹੋ ਇੱਛਾ ਵਿਦਿਆਰਥੀ ਦੀ ਮਾਨਸਿਕ ਸਿਹਤ ਉੱਤੇ ਬੁਰਾ ਅਸਰ ਪਾਉਂਦੀ ਹੈ।

ਮੌਜੂਦਾ ਦੌਰ 'ਚ ਜਦੋਂ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਜਿਹੇ ਮਹਾਂ ਦੈਂਤ ਦੇ ਜਵਾੜੇ ਹੇਠ ਹੈ। ਨੌਜਵਾਨ ਪ੍ਰਵਾਸ ਦੇ ਰਾਹ ਪੈਣ ਲਈ ਮਜ਼ਬੂਰ ਹੁੰਦੇ ਹਨ। ਵਿਦਿਆਰਥੀ ਵੀਜ਼ਾ ਜਾਂ ਵਰਕ ਪਰਮੈਂਟ ਵੀਜ਼ਾ ਲੈ ਕੇ ਉਹ ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ 'ਚ ਜਾਂਦੇ ਹਨ। ਉਥੇ ਪੜ੍ਹਾਈ ਅਤੇ ਕੰਮ ਦਾ ਏਨਾ ਬੋਝ ਹੁੰਦਾ ਹੈ ਕਿ ਵਿਦਿਆਰਥੀ, ਨੌਜਵਾਨ ਮਾਨਸਿਕ ਤਨਾਅ 'ਚ ਰਹਿੰਦੇ ਹਨ। ਖ਼ਤਰਨਾਕ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਹਾਰਟ ਅਟੈਕ ਜਿਹੀਆਂ ਬੀਮਾਰੀਆਂ ਤਨਾਅ ਕਾਰਨ ਹੀ ਹੋ ਰਹੀਆਂ ਹਨ। ਕੈਨੇਡਾ ਤੇ ਹੋਰ ਮੁਲਕਾਂ ਤੋਂ ਆਈਆਂ ਭਾਰਤੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਨਿੱਤ ਦਿਹਾੜੇ ਪ੍ਰੇਸ਼ਾਨ ਕਰਨ ਵਾਲੀਆਂ ਹਨ।

ਕਿਸਾਨ ਖ਼ੁਦਕੁਸ਼ੀਆਂ ਦਾ ਮਾਮਲਾ ਤਾਂ ਦੇਸ਼ ਵਾਸੀਆਂ ਦਾ ਧਿਆਨ ਪਹਿਲਾਂ ਹੀ ਖਿਚਦਾ ਰਿਹਾ ਹੈ। ਘਾਟੇ ਦੀ ਖੇਤੀ ਉਹਨਾਂ ਦੀ ਜਾਨ ਦਾ ਖੌਅ ਬਣਦੀ ਹੈ। 5 ਏਕੜ ਤੋਂ ਘੱਟ ਜ਼ਮੀਨ ਮਾਲਕੀ ਵਾਲਾ ਛੋਟਾ ਕਿਸਾਨ ਲਗਾਤਾਰ ਕਰਜ਼ਾਈ ਰਹਿੰਦਾ ਹੈ। ਹੁਣ ਤਾਂ ਮੱਧ ਵਰਗੀ ਕਿਸਾਨ ਵੀ ਕਰਜ਼ੇ ਦੀ ਲਪੇਟ 'ਚ ਆਇਆ ਹੋਇਆ ਹੈ। ਕੁਲ ਮਿਲਾ ਕੇ ਦੇਸ਼ ਦੇ 92 ਫ਼ੀਸਦੀ ਕਿਸਾਨ ਛੋਟੇ ਅਤੇ ਮੱਧ ਵਰਗੀ ਕਿਸਾਨ ਹਨ। ਇਹਨਾਂ ਵਿੱਚ ਕਾਸ਼ਤਕਾਰ, ਪੱਟੇਦਾਰ ਸ਼ਾਮਲ ਹਨ। ਦੇਸ਼ 'ਚ ਸਿੱਕੇ ਬੰਦ 'ਖੇਤੀ ਨੀਤੀ' ਨਾ ਹੋਣ ਕਾਰਨ, ਇਹ ਕਿਸਾਨ ਮੁਸੀਬਤਾਂ 'ਚ ਫਸੇ ਰਹਿੰਦੇ ਹਨ। ਆਰਥਿਕ ਤੰਗੀਆਂ-ਤੁਰਸ਼ੀਆਂ ਦਾ ਸ਼ਿਕਾਰ ਬਣਦੇ ਹਨ। 2022 ਦੀ ਇੱਕ ਰਿਪੋਰਟ ਅਨੁਸਾਰ 11290 ਖੇਤੀ ਸੈਕਟਰ ਦੇ ਲੋਕਾਂ, ਜਿਹਨਾਂ ਵਿੱਚ 5270 ਕਿਸਾਨ ਅਤੇ 6083 ਖੇਤ ਮਜ਼ਦੂਰ ਸ਼ਾਮਲ ਸਨ, ਖ਼ੁਦਕੁਸ਼ੀਆਂ ਕੀਤੀਆਂ। ਇਹ ਦੇਸ਼ 'ਚ ਕੁਲ ਖ਼ੁਦਕੁਸ਼ੀ ਕਰਨ ਵਾਲੇ ਲੋਕਾਂ ਦਾ 6.6 ਫ਼ੀਸਦੀ ਸੀ। ਕਾਰਨ ਮੁੱਖ ਰੂਪ ਵਿੱਚ ਕਰਜ਼ਾ, ਮੌਨਸੂਨ ਦੀ ਘਾਟ, ਫ਼ਸਲਾਂ 'ਤੇ ਕਰੋਪੀ ਆਦਿ ਰਹੇ ਹਨ। ਪਰ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦੀ ਦਰ ਹਰ ਸਾਲ ਵਧਦੀ ਜਾ ਰਹੀ ਹੈ। ਪਿਛਲੇ ਇੱਕ ਦਹਾਕੇ ਵਿੱਚ 1,12,000 ਖੇਤੀ ਸੈਕਟਰ ਦੇ ਲੋਕਾਂ ਨੇ ਖ਼ੁਦਕੁਸ਼ੀ ਕੀਤੀ।

ਦੇਸ਼ 'ਚ ਔਰਤਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਹੈਰਾਨੀਜਨਕ ਢੰਗ ਨਾਲ ਵਧੀ ਹੈ। ਸਾਲ 2022 ਦੌਰਾਨ 48000 ਔਰਤਾਂ ਨੇ ਅਤੇ ਜਦਕਿ 1,22,000 ਮਰਦਾਂ ਨੇ ਖ਼ੁਦਕੁਸ਼ੀ ਕੀਤੀ। ਦੇਸ਼ 'ਚ ਸਾਲ 2021 'ਚ 1,64,033 ਖ਼ੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਸੀ। ਇਸ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਨੌਜਵਾਨ ਔਰਤਾਂ 'ਚ ਖ਼ੁਦਕੁਸ਼ੀ ਜ਼ਿਆਦਾ ਹੋ ਰਹੀ ਹੈ। 15 ਤੋਂ 39 ਸਾਲ ਦੀਆਂ ਔਰਤਾਂ 'ਚ 2021 ਸਾਲ 'ਚ ਖ਼ੁਦਕੁਸ਼ੀ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਇੱਕ ਲੱਖ ਪਿਛੇ 12.7 ਸੀ ਜੋ ਕਿ 2021 'ਚ ਵਧ ਕੇ ਇੱਕ ਲੱਖ ਪਿੱਛੇ 17.5 ਹੋ ਗਈ। ਖ਼ੁਦਕੁਸ਼ੀ ਕਰਨ ਦਾ ਕਾਰਨ ਔਰਤਾਂ 'ਚ ਮੁੱਖ ਤੌਰ 'ਤੇ ਪਰਿਵਾਰਕ, ਬੀਮਾਰੀ, ਇਕੱਲੇਪਨ ਦੀ ਭਾਵਨਾ, ਔਲਾਦ ਪੈਦਾ ਨਾ ਹੋਣਾ, ਵਿਆਹ ਟੁੱਟਣਾ ਆਦਿ ਰਿਹਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਗਿਣਤੀ 31 ਫ਼ੀਸਦੀ ਰਹੀ। ਇਹ ਵੱਡੀ ਚਿੰਤਾ ਦਾ ਵਿਸ਼ਾ ਹੈ।

ਖ਼ੁਦਕੁਸ਼ੀਆਂ ਦੇ ਮਾਮਲੇ 'ਤੇ ਜਿਹੜੀਆਂ ਰਿਪੋਰਟਾਂ ਸਰਕਾਰੀ ਤੌਰ 'ਤੇ ਛਾਇਆ ਹੁੰਦੀਆਂ ਹਨ, ਉਹਨਾਂ ਤੋਂ ਵੱਖਰੀਆਂ ਰਿਪੋਰਟਾਂ ਹੋਰ ਏਜੰਸੀਆਂ ਵਲੋਂ ਮੀਡੀਆਂ 'ਤੇ ਉਪਲੱਬਧ ਹਨ। ਜਿਹੜੀਆਂ ਇਹ ਵਿਖਾਉਂਦੀਆਂ ਹਨ ਕਿ ਸਰਕਾਰੀ ਅੰਕੜਿਆਂ ਤੋਂ ਵੱਧ ਲੋਕਾਂ ਨੇ ਖ਼ੁਦਕੁਸ਼ੀ ਕੀਤੀ। ਉਦਾਹਰਨ ਦੇ ਤੌਰ 'ਤੇ 2010 ਦੇ ਸਰਕਾਰੀ ਅੰਕੜੇ 1,34,600 ਖ਼ੁਦਕੁਸ਼ੀਆਂ ਦੱਸਦੇ ਹਨ, ਜਦਕਿ ਮੈਡੀਕਲ ਮੈਗਜ਼ੀਨ 'ਦੀ ਲਾਂਸਿਟ' ਆਪਣੀ ਰਿਪੋਰਟ 1,87,000 ਮੌਤਾਂ ਦੀ ਵਿਖਾਉਂਦੀ ਹੈ। ਇਸਦਾ ਇੱਕ ਕਾਰਨ ਇਹ ਵੀ ਹੈ ਪਿੰਡਾਂ ਜਾਂ ਦੂਰ-ਦੁਰੇਡੇ ਦੇ ਲੋਕ ਖ਼ੁਦਕੁਸ਼ੀ ਦੇ ਮਾਮਲਿਆਂ ਨੂੰ ਲੁਕੋਅ ਲੈਂਦੇ ਹਨ ਤਾਂ ਕਿ ਉਹਨਾਂ ਦੀ ਸਮਾਜ ਵਿੱਚ ਬਦਨਾਮੀ ਨਾ ਹੋਏ।

ਭਾਵੇਂ ਬਹੁਤ ਸਾਰੇ ਕਾਰਨ ਖ਼ੁਦਕੁਸ਼ੀ ਦੇ ਮਾਮਲੇ 'ਤੇ ਗਿਣਾਏ ਜਾਂਦੇ ਹਨ, ਪਰ ਮੁੱਖ ਕਾਰਨ ਕੰਗਾਲੀ, ਬਦਹਾਲੀ, ਬੇਰੁਜ਼ਗਾਰੀ, ਸਿੱਖਿਆਂ ਸਿਹਤ ਸੇਵਾਵਾਂ ਦੀ ਘਾਟ ਅਤੇ ਜਨਤਕ ਨਿਆਂ ਨਾ ਮਿਲਣਾ ਹੈ। ਦੇਸ਼ ਇਸ ਵੇਲੇ ਬੇਰੁਜ਼ਗਾਰੀ ਦੀ ਮਾਰ ਹੇਠ ਹੈ। ਆਮ ਆਦਮੀ ਨਿਆਂ ਲੱਭ ਰਿਹਾ ਹੈ। ਰੋਟੀ ਲੱਭ ਰਿਹਾ ਹੈ। ਸਿੱਖਿਆ, ਸਿਹਤ, ਸੇਵਾਵਾਂ ਤੋਂ ਵਿਰਵਾ ਹੈ। ਸਾਧਨ ਵਿਹੂਣਾ ਹੈ। ਇਹੋ ਜਿਹੀਆਂ ਹਾਲਤਾਂ ਮਨੁੱਖ ਲਈ ਮਾਨਸਿਕ ਸੰਕਟ ਪੈਦਾ ਕਰਦੀਆਂ ਹਨ। ਆਰਥਿਕ ਤੇ ਮਾਨਸਿਕ ਸਥਿਤੀਆਂ ਦਾ ਟਾਕਰਾ ਨਾ ਕਰ ਸਕਣ ਕਾਰਨ ਉਹ ਮੌਤ ਨੂੰ ਹੀ ਆਖ਼ਰੀ ਹੱਲ ਲੱਭ ਲੈਂਦਾ ਹੈ।

ਸਮੇਂ-ਸਮੇਂ ਤੇ ਫੈਲੀਆਂ ਜਾਂ ਫੈਲਾਈਆਂ ਗਈਆਂ ਕਰੋਨਾ ਵਾਇਰਸ ਵਰਗੀਆਂ ਬੀਮਾਰੀਆਂ, ਜਿਹਨਾਂ ਦੇ ਅਣਦਿਸਦੇ ਕਾਰਨਾਂ ਕਰਕੇ ਸਮਾਜ ਨੂੰ ਵੱਡੀ ਪ੍ਰੇਸ਼ਾਨੀ ਝੱਲਣੀ ਪਈ, ਉਸਤੋਂ ਵੀ ਵੱਡੀ ਪ੍ਰੇਸ਼ਾਨੀ "ਖ਼ੁਦਕੁਸ਼ੀ ਮਹਾਂਮਾਰੀ" ਹੈ, ਜੋ ਦੇਸ਼ ਦੇ ਦਰਪੇਸ਼ ਹੈ। ਇਹ ਘੁਣ ਵਾਂਗਰ ਦੇਸ਼ ਨੂੰ, ਦੇਸ਼ ਦੇ ਲੋਕਾਂ ਨੂੰ ਖਾ ਰਹੀ ਹੈ।

ਇਸ ਮਹਾਂਮਾਰੀ ਨੂੰ ਠੱਲਣ ਅਤੇ ਇਸ ਤੋਂ ਨਿਜਾਤ ਪਾਉਣ ਲਈ ਵੱਡੇ ਜਨਤਕ ਯਤਨ ਤਾਂ ਲੋੜੀਂਦੇ ਹੀ ਹਨ, ਨਾਲ ਦੀ ਨਾਲ ਲੋਕਾਂ 'ਚ ਸਿਆਸੀ ਚੇਤਨਾ ਪੈਦਾ ਕਰਕੇ ਲੋਕ ਹਿਤੈਸ਼ੀ ਸਰਕਾਰਾਂ ਅੱਗੇ ਲਿਆਉਣ ਦੀ ਵੀ ਲੋੜ ਹੈ ਤਾਂ ਕਿ ਲੋਕਾਂ 'ਚ ਪੈਦਾ ਹੋਏ ਨਾਕਾਰਾਤਮਕ ਵਿਚਾਰ ਖ਼ਤਮ ਹੋ ਸਕਣ ਅਤੇ ਉਹ ਇੱਕ ਨਿਵੇਕਲੀ ਉਮੀਦ ਨਾਲ ਸਾਂਵੀ ਪੱਧਰੀ, ਖ਼ੁਸ਼ਹਾਲ ਜ਼ਿੰਦਗੀ ਜੀਉਣ ਦੇ ਸੁਪਨੇ ਉਣ ਸਕਣ।

**ਜਦੋਂ ਕਿਸੇ ਰਿਸ਼ਤੇ ਵਿਚ ਜਿੱਦ ਤੇ ਆਕੜ ਆ ਜਾਵੇ ਤਾਂ ਇਹ ਦੋਵੇਂ ਜਿੱਤ ਜਾਂਦੇ ਨੇ ਪਰ ਉਹ ਰਿਸ਼ਤਾ ਹਾਰ ਜਾਂਦਾ ਹੈ।**

# ਸ਼ੋਕ ਸਮਾਚਾਰ



ਬੜੇ ਅਫਸੋਸ ਅਤੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਹਰਮਨ ਪਿਆਰੇ, ਨੇਕ ਸੱਜਣ ਪੁਰਸ਼ ਸਰਦਾਰ ਕੁਲਦੀਪ ਸਿੰਘ, ਸਰਪੰਚ ਸਾਹਿਬ, ਪਿੰਡ ਬ੍ਰਹੰਮਪੁਰ, ਜ਼ਿਲ੍ਹਾ ਹੁਸ਼ਿਆਰਪੁਰ ਹਾਲ ਵਾਸੀ ਕੋਠੀ ਨੰਬਰ-93, ਬਾਬਾ ਮੱਖਣ ਸ਼ਾਹ ਲੁਬਾਣਾ ਨਗਰ, ਜਲੰਧਰ ਸਪੁੱਤਰ ਸਵਰਗੀ ਸ. ਫੇਰਾ ਸਿੰਘ, ਤਹਿਸੀਲਦਾਰ ਅਤੇ ਮਾਤਾ ਪਰਸਿਨ ਕੌਰ ਕੁਝ ਸਮਾਂ ਇਲਾਜ ਉਪਰੰਤ ਵਾਹਿਗੁਰੂ ਪ੍ਰਮਾਤਮਾ ਦੇ ਚਰਨਾਂ ਵਿਚ ਮਿਤੀ 10-09-2024 ਨੂੰ ਜਾ ਬਿਰਾਜੇ ਹਨ। ਸ. ਕੁਲਦੀਪ ਸਿੰਘ ਜੀ ਦੇ ਪੰਜ ਭੂਤਕ ਸਰੀਰ ਦਾ ਸਸਕਾਰ ਮਿਤੀ 13-09-2024 ਨੂੰ ਸਮਸ਼ਾਨਘਾਟ, ਕੇਵਲ ਵਿਹਾਰ, ਮਾਡਲ ਟਾਊਨ, ਜਲੰਧਰ ਵਿਖੇ ਕੀਤਾ ਗਿਆ। ਸ. ਕੁਲਦੀਪ ਸਿੰਘ ਸਰਪੰਚ ਸਾਹਿਬ ਅਤੇ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਨਗਰ, ਗੁਰਦੁਆਰਾ ਜਲੰਧਰ ਜੀ ਦੀ ਆਤਮਿਕ ਸ਼ਾਂਤੀ ਲਈ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਮਿਤੀ 22-09-2024 ਨੂੰ ਘਰ ਨੰਬਰ 93, ਬਾਬਾ ਮੱਖਣ ਸ਼ਾਹ ਲੁਬਾਣਾ ਨਗਰ, ਜਲੰਧਰ ਵਿਖੇ ਪਾਏ ਗਏ ਉਪਰੰਤ ਵੈਰਾਗਮਈ ਕੀਰਤਨ ਦਰਬਾਰ ਗੁਰਦੁਆਰਾ ਸਾਹਿਬ ਬਾਬਾ ਮੱਖਣ ਸ਼ਾਹ ਲੁਬਾਣਾ ਨਗਰ, ਜਲੰਧਰ ਵਿਖੇ ਗੁਰਦੁਆਰਾ ਸਾਹਿਬ ਦੇ ਰਾਗੀ ਜਥੇ ਅਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਭਾਈ ਭੁਪਿੰਦਰ ਸਿੰਘ ਖ਼ਾਲਸਾ ਜੀ ਦੇ ਰਾਗੀ ਜਥੇ ਵੱਲੋਂ ਵਿਛੜੀ ਆਤਮਾ ਪ੍ਰਤੀ ਗੁਰੂ ਚਰਨਾਂ ਵਿਚ ਸਦੀਵੀ ਨਿਵਾਸ ਲਈ ਅਰਦਾਸ ਬੇਨਤੀਆਂ ਸਮੂਹ ਸੰਗਤ, ਰਿਸ਼ਤੇਦਾਰ, ਨਗਰਨਿਵਾਸੀ ਅਤੇ ਸਨੇਹੀਆਂ ਵੱਲੋਂ ਕੀਤੀਆਂ ਗਈਆਂ। ਇਸ ਸਮੇਂ ਸ. ਕਮਲਜੀਤ ਸਿੰਘ ਰੱਤਾਖੇੜਾ, ਫਿਰੋਜ਼ਪੁਰ, ਇੰਜੀਨੀਅਰ ਹਰਭਜਨ ਸਿੰਘ ਸਾਬਕਾ ਪ੍ਰਧਾਨ ਅਤੇ ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਅਤੇ ਫਿਰੋਜ਼ਪੁਰ, ਚੰਡੀਗੜ੍ਹ ਅਤੇ ਗੁਰੂ ਘਰ ਦੇ ਮੁੱਖ ਸੇਵਾਦਾਰ ਪ੍ਰਧਾਨ ਸ. ਗੁਰਦਿਆਲ ਸਿੰਘ ਵੱਲੋਂ ਸਟੇਜ਼ ਸੇਵਾ ਨਿਭਾਉਂਦੇ ਹੋਏ ਸ਼ਰਧਾ ਦੇ ਫੁੱਲ ਭੇਟ ਕਰਕੇ ਉਨ੍ਹਾਂ ਪ੍ਰਤੀ ਗਹਿਰੀ ਸੰਵੇਦਨਾ ਪ੍ਰਗਟ ਕੀਤੀ। ਸ. ਕੁਲਦੀਪ ਸਿੰਘ ਸਰਪੰਚ ਸਾਹਿਬ ਤਕਰੀਬਨ ਸਾਢੇ 77 ਸਾਲ ਦੀ ਸੰਸਾਰਕ ਯਾਤਰਾ ਕਰਕੇ ਗਏ ਹਨ।

ਸ. ਕੁਲਦੀਪ ਸਿੰਘ ਸਰਪੰਚ ਸਾਹਿਬ ਜੀ ਨੇ ਆਪਣੇ ਪਿੰਡ ਬ੍ਰਹੰਮਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਿਸਾਲੀ, ਨਿਰਪੱਖ ਸੇਵਾਵਾਂ ਸਰਬਸੰਮਤੀ ਅਤੇ ਮਿੱਠੇ ਸੁਭਾਅ ਨਾਲ ਨਿਭਾ ਕੇ ਨਾਮਣਾ ਖੱਟ ਕੇ ਗਏ ਹਨ। ਆਪ ਜੀ ਨੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਨਗਰ ਜਲੰਧਰ, ਗੁਰੂ ਘਰ ਵਿਖੇ ਬਤੌਰ ਪ੍ਰਧਾਨ ਗਿਆਰਾਂ (11) ਸਾਲ ਨਿਮਰਤਾ ਅਤੇ ਸੂਝ-ਬੂਝ ਨਾਲ, ਤਨ, ਮਨ ਅਤੇ ਧਨ ਨਾਲ ਸੇਵਾ ਨਿਭਾਈ ਅਤੇ ਸਮੂਹ ਸੰਗਤ ਨਾਲ ਪ੍ਰੇਮ ਭਾਵ ਅਤੇ ਹਲੀਮੀ ਬਣਾ ਕੇ ਰੱਖੀ। ਉਨ੍ਹਾਂ ਨੂੰ ਇਸ ਵਿਸ਼ਾਲ ਇਕੱਠ ਨੇ ਸ਼ਰਧਾਂਜ਼ਲੀ ਭੇਟ ਕੀਤੀ। ਆਪ ਜੀ ਦੇ ਪਿਤਾ ਜੀ ਸ. ਫੇਰਾ ਸਿੰਘ ਜੀ ਤਹਿਸੀਲਦਾਰ ਦੇ ਅਹੁਦੇ ਤੇ ਅਣਵੰਡੇ ਪੰਜਾਬ ਵਿਚ ਸੰਪੂਰਨ ਸੇਵਾ ਨਿਭਾਈ। ਆਪ ਜੀ ਦਾ ਲੁਬਾਣਾ ਬਰਾਦਰੀ ਅਤੇ ਸਰਕਾਰੀ ਅਦਾਰਿਆਂ ਅਤੇ ਜਿੱਥੇ-ਜਿੱਥੇ ਵੀ ਸੇਵਾ ਨੌਕਰੀ ਦੌਰਾਨ ਇਨਾਮਦਾਰੀ ਨਿਭਾਈ, ਉਸ ਨੂੰ ਅੱਜ ਤੱਕ ਯਾਦ ਕੀਤਾ ਜਾਂਦਾ ਹੈ। ਭੋਗ ਅਰਦਾਸ ਸਮੇਂ ਉਹਨਾਂ ਨੂੰ ਸ਼ਰਧਾਂਜ਼ਲੀ ਦੇਣ ਲਈ ਫਿਰੋਜ਼ਪੁਰ, ਹਰਿਆਣਾ, ਚੰਡੀਗੜ੍ਹ, ਪੰਜਾਬ ਨਿਵਾਸੀ ਦੂਰੋਂ ਨੇੜਿਓਂ ਭਾਰੀ ਗਿਣਤੀ ਵਿਚ ਸ਼ਰਧਾ ਦੇ ਫੁੱਟ ਭੇਟ ਕਰਨ ਲਈ ਆਏ ਸਨ। ਆਪ ਜੀ ਜਿਥੇ ਵੀ ਰਹੇ ਪਰਿਵਾਰਾਂ ਨਾਲ ਪਰਿਵਾਰ ਦੀ ਸਾਂਝ ਪਾ ਕੇ ਆਏ ਜੋ ਅੱਜ ਤੱਕ ਨਿਭ ਰਹੀਆਂ ਹਨ। ਸ. ਕੁਲਦੀਪ ਸਿੰਘ ਸਰਪੰਚ ਸਾਹਿਬ ਅਤੇ ਇਹਨਾਂ ਦੀ ਧਰਮ ਪਤਨੀ ਬੀਬੀ ਦਲਜੀਤ ਕੌਰ ਨੇ ਆਪਣੇ ਮਾਤਾ-ਪਿਤਾ ਜੀ ਦੀ ਖ਼ੂਬ ਸੇਵਾ ਕੀਤੀ ਅਤੇ ਅਸ਼ੀਰਵਾਦ ਲਿਆ। ਆਪ ਜੀ ਦੇ ਛੋਟੇ ਭਾਈ ਸਾਹਿਬ ਸ. ਸਰਵਜੀਤ ਸਿੰਘ ਨੇ ਪੇਸ਼ੇ ਵਜੋਂ ਵਕਾਲਤ ਹਾਸਲ ਕਰਕੇ ਤੇ ਅਮਰੀਕਾ ਪੋਸਟ ਗਰੇਜੂਏਟ ਕਰਕੇ ਅਮਰੀਕੀ ਐਫ.ਬੀ.ਆਈ. ਸੇਵਾਵਾਂ ਦੇ ਕੇ ਸੇਵਾ ਮੁਕਤ ਹੋਏ ਅਤੇ ਹੁਣ ਅਮਰੀਕਾ ਵਿਖੇ ਹੀ ਆਪਣੇ ਕਾਰੋਬਾਰ ਸਹਿ ਪਰਿਵਾਰ ਕਰ ਰਹੇ ਹਨ। ਆਪ ਜੀ ਦੇ ਭੈਣ ਜੀ ਸ੍ਰੀਮਤੀ ਕੁਲਦੀਪ ਕੌਰ (ਦੀਪਾ) ਜੀ ਵੀ ਅਮਰੀਕਾ ਵਿਖੇ ਖੁਸ਼ਹਾਲ ਪਰਿਵਾਰ ਨਾਲ ਸਥਾਪਿਤ ਹਨ। ਸ. ਕੁਲਦੀਪ ਸਿੰਘ ਸਰਪੰਚ ਸਾਹਿਬ ਜੀ ਦਾ ਇਕ ਸਪੁੱਤਰ ਅਤੇ ਦੋ ਸਪੁੱਤਰੀਆਂ ਹਨ ਜੋ ਕਿ ਆਪਣੇ-ਆਪਣੇ ਘਰਾਂ ਅਤੇ ਕੰਮਾਂਕਾਰਾਂ ਵਿਚ ਸਥਾਪਤ ਹਨ। ਬੇਟਾ ਸ. ਸਰਵਦੀਪ ਸਿੰਘ (ਰਿਚੀ) ਸਮੇਂ ਪਰਿਵਾਰ ਕੈਨੇਡਾ/ਅਮਰੀਕਾ ਵਿਖੇ ਸਫ਼ਲ ਕਾਰੋਬਾਰੀ ਸਹਿ ਪਰਿਵਾਰ ਸਥਾਪਤ ਹੈ। ਵੱਡੀ ਬੇਟੀ ਸ੍ਰੀਮਤੀ ਸਰਵਜੋਤ ਕੌਰ (ਸ਼ਾਲੂ) ਚੰਗੀ ਉਚੇਰੀ ਵਿੱਦਿਆ ਲੈ ਕੇ ਆਸਟਰੇਲੀਆ ਵਿਖੇ ਸਹਿ ਪਰਿਵਾਰ ਕਾਫੀ ਸਮੇਂ ਤੋਂ ਸਥਾਪਿਤ ਹੈ। ਦੂਜੀ ਬੇਟੀ ਸਰਵਪ੍ਰੀਤ ਕੌਰ ਵੀ ਚੰਗੀ ਪੜ੍ਹੀ ਲਿਖੀ ਡਬਲ ਕੰਪਿਊਟਰ ਸਾਇੰਸ ਐਮ.ਐਸ.ਸੀ. ਦੀ ਅਧਿਆਪਕਾ ਹੈ ਅਤੇ ਚੰਡੀਗੜ੍ਹ ਵਿਖੇ ਸਹਿ ਪਰਿਵਾਰ ਸਥਾਪਿਤ ਹੈ। ਗੱਲ ਕੀ ਸ. ਕੁਲਦੀਪ ਸਿੰਘ ਜੀ ਨੇ ਬੜੀ ਮਿਹਨਤ, ਸੂਝ-ਬੂਝ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਸਾਰੇ ਪਰਿਵਾਰ ਅਤੇ ਰਿਸ਼ਤੇਦਾਰ ਪਰਿਵਾਰਾਂ ਨੂੰ ਚੰਗੀ ਪੜ੍ਹਾਈ ਕਰਾ ਕੇ ਸਥਾਪਿਤ ਕੀਤਾ ਹੈ ਜੋ ਕਿ ਇਸ ਅਗਾਂਹਵਧੂ ਪਰਿਵਾਰ ਨੂੰ ਵਿਰਸੇ ਵਿਚੋਂ ਘੁੜਤੀ ਵਜੋਂ ਮਿਲੀਆਂ ਹਨ।

ਸ. ਕੁਲਦੀਪ ਸਿੰਘ ਸਰਪੰਚ ਸਾਹਿਬ ਦਾ ਸਹੁਰਾ ਪਰਿਵਾਰ ਵੀ ਬਹੁਤ ਚੜ੍ਹਦੀਕਲਾ ਵਾਲਾ ਪਰਿਵਾਰ ਹੈ। ਆਪ ਜੀ ਦੀ ਧਰਮਪਤਨੀ ਬੀਬੀ ਦਲਜੀਤ ਕੌਰ ਜੀ ਦੇ ਪਿਤਾ ਜੀ ਸ. ਕਰਨੈਲ ਸਿੰਘ ਜੀ ਮੁੰਡੀ ਰੋਡ, ਐਸ.ਪੀ. (ਰਿਟਾ.) ਰਹੇ ਸਨ। ਸ. ਕਰਨੈਲ ਸਿੰਘ ਜੀ ਨੇ ਆਪਣੀਆਂ ਸਾਰੀਆਂ ਬੇਟੀਆਂ ਨੂੰ ਉੱਚ ਸਿੱਖਿਆ ਦਿਵਾਈ ਅਤੇ ਬੇਟਾ ਸ. ਬਲਜਿੰਦਰ ਸਿੰਘ (ਰਾਨਾ) ਜੀ ਵੀ ਕਪੂਰਥਲੇ ਖੇਡ ਵਿਭਾਗ ਵਿਚ ਡਾਇਰੈਕਟਰ ਰਿਟਾਇਰ ਹੋਏ ਅਤੇ ਆਪ ਜੀ ਧਰਮਪਤਨੀ ਸਰਦਾਰਨੀ ਦਿਲਰਾਜ ਕੌਰ ਕਪੂਰਥਲਾ ਵਿਚ ਕਾਊਂਸਲਰ ਬਣੇ। ਸ. ਬਰਜਿੰਦਰ ਸਿੰਘ ਦੇ ਸਹੁਰਾ ਸਾਹਿਬ ਸ. ਜਰਨੈਲ ਸਿੰਘ ਨਡਾਲਾ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਰਹੇ ਹਨ ਅਤੇ ਉਨ੍ਹਾਂ ਦਾ ਬੇਟਾ ਸ. ਦਲਜਿੰਦਰ ਸਿੰਘ ਜ਼ਿਮੀਂਦਾਰੀ ਚੜ੍ਹਦੀ ਕਲਾ ਵਾਲਾ ਪਰਿਵਾਰ ਹੈ। ਗੱਲ ਕੀ ਬਹੁਤ ਹੀ ਵਧੀਆ, ਚੰਗੀ ਸੋਚ, ਸਮਾਜ ਦਾ ਭਲਾ ਸੋਚਣ ਵਾਲੇ ਪਰਿਵਾਰ ਹਨ।

ਇਸ ਮੌਕੇ ਪਰਿਵਾਰ ਵੱਲੋਂ ਗੁਰੂ ਘਰਾਂ ਵਾਸਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਲਈ 5000 ਰੁਪਏ ਭੇਟ ਕੀਤੇ ਗਏ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਨਗਰ-ਗੁਰਦੁਆਰਾ-ਜਲੰਧਰ ਲਈ 5000 ਰੁਪਏ, ਗੁਰਦੁਆਰਾ ਬ੍ਰਹੰਮਪੁਰ ਅਤੇ ਹੋਰ ਗੁਰੂ ਘਰਾਂ ਲਈ ਮਾਇਆ ਭੇਟ ਕੀਤੀ ਗਈ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ ਪਰਿਵਾਰ ਦੀ ਅਤਿ ਧੰਨਵਾਦੀ ਹੈ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ ਅਤੇ ਚੜ੍ਹਦੀ ਕਲਾ ਵਿਚ ਰੱਖੇ।

**ਗੁਰਚਰਨ ਸਿੰਘ (ਸਾਬਕਾ ਪ੍ਰਧਾਨ)**

# ਸ਼ਰਧਾਂਜ਼ਲੀ



ਬੜੇ ਅਫਸੋਸ ਅਤੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਸਾਡੇ ਬਹੁਤ ਹੀ ਸਤਿਕਾਰਯੋਗ ਸ. ਭਗਤ ਸਿੰਘ ਆਈ.ਏ.ਐਸ. (ਸੇਵਾ ਮੁਕਤ) ਅਤੇ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਜੀ ਦੀ ਧਰਮਪਤਨੀ ਅਤੇ ਸਾਡੀ ਮਾਤਾ ਸ੍ਰੀਮਤੀ ਸੰਤੋਸ਼ ਕੌਰ ਚੌਧਰੀ ਜੀ ਮਿਤੀ 05-08-2024 ਨੂੰ 76 ਸਾਲ ਦੀ ਆਯੂ ਭੋਗ ਕੇ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਅਤੇ ਪਰਮਪਿਤਾ ਪ੍ਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਉਹ ਇਕ ਉੱਚਕੋਟੀ ਦੇ ਇਨਸਾਨ ਸਨ ਅਤੇ ਬਹੁਤ ਹੀ ਨਿੱਘੇ ਸੁਭਾਅ ਦੇ ਮਾਲਕ ਸਨ। ਆਪ ਜੀ ਦੇ ਦੋ ਸਪੁੱਤਰ ਹਨ। ਇਕ ਪੰਜਾਬ-ਹਰਿਆਣਾ ਹਾਈਕੋਰਟ ਵਿਚ ਸੀਨੀਅਰ ਵਕੀਲ ਹਨ ਅਤੇ ਦੂਸਰੇ ਇੰਜੀਨੀਅਰ ਦੀ ਡਿਗਰੀ ਪ੍ਰਾਪਤ ਕਰਕੇ ਹੈਦਰਾਬਾਦ ਵਿਚ ਇਕ ਉੱਚ ਕੋਟੀ ਦੀ ਫਰਮ ਵਿਚ ਸੇਵਾ ਨਿਭਾਅ ਰਹੇ ਹਨ।

ਆਪ ਜੀ ਲੁਬਾਣਾ ਬਰਾਦਰੀ ਦੇ ਸਤਿਕਾਰਯੋਗ ਵੱਡੇ ਟਰਾਂਸਪੋਰਟਰ ਚੌਧਰੀ ਬਾਬੂ ਰਾਮ ਜੀ ਪਠਾਨਕੋਟ ਜੀ ਦੀ ਸਪੁੱਤਰੀ ਸਨ ਅਤੇ ਅੱਠ ਭੈਣ-ਭਰਾਵਾਂ ਵਿਚੋਂ ਚੌਥੇ ਨੰਬਰ 'ਤੇ ਸਨ।

ਮਾਤਾ ਸੰਤੋਸ਼ ਕੌਰ ਚੌਧਰੀ ਜੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਕਾਫੀ ਲੰਬੇ ਸਮੇਂ ਤੋਂ ਮੈਂਬਰ ਸਨ ਅਤੇ ਇਸ ਸੰਸਥਾ ਵਾਸਤੇ ਦਸਵੰਧ ਕੱਢਦੇ ਰਹਿੰਦੇ ਸਨ। ਮਾਤਾ ਜੀ ਨੇ ਆਪਣੀਆਂ ਸਾਰੀਆਂ ਪਰਿਵਾਰਕ ਅਤੇ ਸੰਸਾਰਿਕ ਜ਼ਿੰਮੇਵਾਰੀਆਂ ਨੂੰ ਬਹੁਤ ਚੰਗੇ ਤਰੀਕੇ ਨਾਲ ਨਿਭਾਇਆ ਅਤੇ ਸਮਾਜਿਕ ਜੀਵਨ ਵਿਚ ਇਕ ਬਹੁਤ ਉੱਚਾ ਨਾਮ ਕਮਾਇਆ। ਉਨ੍ਹਾਂ ਦੀਆਂ ਮਹਾਨ ਸੇਵਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਯਾਦ ਕਰਨਗੀਆਂ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਪ੍ਰਧਾਨ ਅਤੇ ਸਮੂਹ ਮੈਨੇਜਮੈਂਟ ਕਮੇਟੀ ਮਾਤਾ ਸੰਤੋਸ਼ ਕੌਰ ਚੌਧਰੀ ਜੀ ਨੂੰ ਸ਼ਰਧਾਂਜ਼ਲੀ ਭੇਟ ਕਰਦੇ ਹੋਏ ਸਤਿਕਾਰਯੋਗ ਸ. ਭਗਤ ਸਿੰਘ ਜੀ ਅਤੇ ਪਰਿਵਾਰ ਨਾਲ ਦੁੱਖ ਦਾ ਇਜਹਾਰ ਕਰਦੇ ਹਨ ਅਤੇ ਪ੍ਰਮਾਤਮਾ ਅੱਗੇ ਜੋਦੜੀ ਕਰਦੇ ਹਨ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇਸ ਵਿਛੋੜੇ ਨੂੰ ਸਹਿਣ ਕਰਨ ਦਾ ਬਲ ਬਖ਼ਸ਼ੇ ਅਤੇ ਚੜ੍ਹਦੀ ਕਲਾ ਵਿਚ ਰੱਖੇ।

**ਪ੍ਰਧਾਨ**

**ਬ.ਮ.ਸ਼.ਲ.ਫ. (ਰਜਿ.) ਚੰਡੀਗੜ੍ਹ**

● ● ●

**ਕਦੇ ਵੀ ਚਿੰਤਾ ਨਾ ਕਰੋ। ਸਮਾਂ ਚਾਹੇ ਜਿੰਨਾ ਵੀ ਬੁਰਾ ਹੋਵੇ, ਬਦਲਦਾ ਜ਼ਰੂਰੀ ਹੈ।**

ਸਿਹਤ ਸੰਭਾਲ

# ਬੱਚਿਆਂ ਅਤੇ ਨੌਜਵਾਨਾਂ ਲਈ ਸਿਹਤਮੰਦ ਖ਼ੁਰਾਕ ਅਤੇ ਕਸਰਤ ਦੀ ਮਹੱਤਤਾ

ਨਵਪ੍ਰੀਤ ਕੌਰ



ਪੌਸ਼ਟਿਕ ਖ਼ੁਰਾਕ ਅਤੇ ਕਸਰਤ ਬੱਚਿਆਂ ਅਤੇ ਨੌਜਵਾਨਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹੈ। ਇਸ ਉਮਰ ਦੀ ਖ਼ੁਰਾਕ ਵਿਚ ਹਰ ਤਰ੍ਹਾਂ ਦਾ ਭੋਜਨ ਸ਼ਾਮਲ ਕਰਨ ਨਾਲ ਸਰੀਰਕ ਵਿਕਾਸ ਲਈ ਸਾਰੇ ਜ਼ਰੂਰੀ ਤੱਤਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਨਾਲ ਜੀਵਨ ਭਰ ਸਿਹਤਮੰਦ ਭੋਜਨ ਖਾਣ ਦੀ ਆਦਤ ਦੀ ਸ਼ੁਰੂਆਤ ਵੀ ਹੁੰਦੀ ਹੈ।

**ਸਿਹਤਮੰਦ ਬਚਪਨ ਅਤੇ ਸੰਪੂਰਨ ਵਿਕਾਸ ਲਈ ਖ਼ੁਰਾਕ**

*ਸਬਜ਼ੀਆਂ, ਫਲ ਅਤੇ ਦਾਲਾਂ

* ਅਨਾਜ ਅਤੇ ਚੌਲ, ਹੋ ਸਕੇ ਤਾਂ ਸਾਬਤ ਅਨਾਜ

*ਮੀਟ, ਮੱਛੀ, ਆਂਡੇ ਜਾਂ ਟੋਫੂ

*ਦੁੱਧ ਅਤੇ ਦੁੱਧ ਉਤਪਾਦ, ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਘੱਟ ਫੈਟ ਦੇ ਦੁੱਧ ਉਤਪਾਦ ਨਹੀਂ ਦੇਣੇ ਚਾਹੀਦੇ ਕਿਉਂਕਿ ਇਸ ਉਮਰ ਵਿਚ ਬੱਚੇ ਸਰੀਰਕ ਤੌਰ ’ਤੇ ਬਹੁਤ ਸਰਗਰਮ ਹੁੰਦੇ ਹਨ ਅਤੇ ਉਹਨਾਂ ਨੂੰ ਊਰਜਾ ਦੀ ਪ੍ਰਾਪਤੀ ਆਮ ਤੌਰ ’ਤੇ ਦੁੱਧ ਤੋਂ ਹੀ ਹੁੰਦੀ ਹੈ।

**ਧਿਆਨ ਰੱਖਣ ਯੋਗ ਗੱਲਾਂ**

*ਜ਼ਿਆਦਾ ਮੱਖਣ, ਘਿਉ ਤੋਂ ਪਰਹੇਜ਼ ਕਰੋ।

*ਨਮਕ ਦਾ ਉਪਯੋਗ ਘੱਟ ਕਰੋ।

*ਖੰਡ ਜਾਂ ਮਿੱਠੇ ਪਦਾਰਥਾਂ ਦੀ ਆਦਤ ਤੋਂ ਬਚਾਉ।

*ਪੀਣ ਲਈ ਸਾਦਾ ਪਾਣੀ ਹੀ ਸਭ ਤੋਂ ਉੱਤਮ ਹੈ।

*ਭੋਜਨ ਅਤੇ ਨਾਸ਼ਤਾ ਸਮੇਂ ਸਿਰ ਹੀ ਖਾਣ ਦੀ ਆਦਤ ਪਾਉ।

*ਬੱਚਿਆਂ ਨੂੰ ਭੋਜਨ ਉਨ੍ਹਾਂ ਦੀ ਭੁੱਖ ਮੁਤਾਬਕ ਹੀ ਖਾਣ ਦਿਉ।

**ਕਸਰਤ ਦਾ ਸਰੀਰਕ ਵਿਕਾਸ ਵਿਚ ਯੋਗਦਾਨ**

ਸਰੀਰਕ ਗਤੀਵਿਧੀ ਜਾਂ ਕਸਰਤ ਵੀ ਬੱਚਿਆਂ ਦੇ ਸਰੀਰਕ ਵਿਕਾਸ ਲਈ ਉਨ੍ਹੀਂ ਹੀ ਮਹੱਤਵਪੂਰਨ ਹੈ ਜਿੰਨੀ ਕਿ ਪੌਸ਼ਟਿਕ ਖ਼ੁਰਾਕ। ਬੱਚਿਆਂ ਅਤੇ ਨੌਜਵਾਨਾਂ ਨੂੰ ਹਰ ਰੋਜ਼ ਕਿਸੇ ਸਰੀਰਕ ਜਾਂ ਖੇਡ ਗਤੀਵਿਧੀ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਛੋਟੀ ਉਮਰ ਵਿਚ ਕਸਰਤ ਦੇ ਕੁਝ ਲਾਭ :

*ਦਿਲ ਅਤੇ ਫੇਫੜਿਆਂ ਦੀ ਤੰਦਰੁਸਤੀ

*ਸਿਹਤਮੰਦ ਭਾਰ ਸਥਿਰ ਹੋਣਾ

*ਸਹੀ ਸਰੀਰਕ ਮੁਦਰਾ ਦੀ ਦਿਖ

*ਵਧੀਆ ਨੀਂਦ ਆਉਣਾ

*ਆਤਮਵਿਸ਼ਵਾਸ ਵਿਚ ਵਾਧਾ

*ਇਕਾਗਰਤਾ ਦੀ ਪ੍ਰਾਪਤੀ

*ਹੱਡੀਆਂ ਅਤੇ ਮਾਸ਼ਪੇਸ਼ੀਆਂ ਦੀ ਮਜ਼ਬੂਤ ਬਣਤਰ

*ਸਰੀਰਕ ਸੰਤੁਲਨ ਵਿਚ ਸੁਧਾਰ

*ਸਰੀਰ ਵਿਚ ਲਚਕੀਲਾਪਣ

* ਦੋਸਤ ਬਨਾਉਣ ਅਤੇ ਸਮਾਜਕ ਹੁਨਰ ਵਧਾਉਣ ਦਾ ਮੌਕਾ ਮਿਲਣਾ।

**ਕੁਝ ਸੁਝਾਅ**

*ਹਰ ਰੋਜ਼ ਘੱਟ ਤੋਂ ਘੱਟ 1 ਘੰਟਾ, ਪਰ ਸਿਹਤ ਦੇ ਜ਼ਿਆਦਾ ਫਾਇਦੇ ਲਈ ਕਈ ਘੰਟੇ, ਦਰਮਿਆਨੀ ਤੋਂ ਤੇਜ਼ ਤੀਬਰਤਾ ਦੀ ਸਰੀਰਕ

ਗਤੀਵਿਧੀ ਜ਼ਰੂਰੀ ਹੈ।

* ਦਿਲ ਦੀ ਧੜਕਣ ਵਧਾਉਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਜਿਨ੍ਹਾਂ ਵਿਚ ਕੁਝ ਤੇਜ਼ ਤੀਬਰਤਾ ਦੀਆਂ ਗਤੀਵਿਧੀਆਂ ਵੀ ਹੋਣੀਆਂ ਚਾਹੀਦੀਆਂ ਹਨ ਜਿਵੇਂ ਕਿ ਭੱਜਣਾ, ਤੈਰਨਾ, ਨੱਚਣਾ, ਸਾਈਕਲ ਚਲਾਉਣਾ, ਫੁਟਬਾਲ ਖੇਡਣਾ, ਪਤੰਗ ਉਡਾਉਣਾ, ਘਰ ਦੇ ਕੰਮ ਵਿਚ ਹੱਥ ਵੰਡਾਉਣਾ ਆਦਿ।

* ਹਫ਼ਤੇ ਵਿਚ ਘੱਟ ਤੋਂ ਘੱਟ ਤਿੰਨ ਦਿਨ ਕੁਝ ਗਤੀਵਿਧੀਆਂ ਕਰਨਾ ਜਿਨ੍ਹਾਂ ਨਾਲ ਮਾਸ਼ਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਬਣਾਇਆ ਜਾ ਸਕੇ ਜਿਵੇਂ ਕਿ : ਰੱਸੀ ਟੱਪਣਾ, ਜਿਮਨਾਸਟਿਕ ਕਰਨਾ, ਟੈਨਿਸ, ਬਾਸਕਟਬਾਲ, ਵਾਲੀਬਾਲ ਖੇਡਣਾ ਆਦਿ।



* ਬੱਚਿਆਂ ਲਈ ਟੀ.ਵੀ., ਕੰਪਿਊਟਰ ਆਦਿ ਦੇ ਸਾਹਮਣੇ ਬੈਠਣ ਦੇ ਸਮੇਂ ਦੀ ਸੀਮਾ ਦਿਨ ਵਿਚ ਵੱਧ ਤੋਂ ਵੱਧ ਦੋ ਘੰਟੇ ਹੋਣੀ ਚਾਹੀਦੀ ਹੈ।

* ਬੱਚੇ ਹਮੇਸ਼ਾ ਵੱਡਿਆਂ ਦੇ ਪਦ-ਚਿੰਨ੍ਹਾਂ 'ਤੇ ਚੱਲਣ ਦੀ ਕੋਸ਼ਿਸ਼ ਕਰਦੇ ਹਨ ਇਸ ਲਈ ਜ਼ਰੂਰੀ ਹੈ ਕਿ ਮਾਂ-ਬਾਪ ਆਪ ਵੀ ਸਰਗਰਮ ਜੀਵਨ-ਸ਼ੈਲੀ ਅਪਣਾ ਕੇ ਬੱਚਿਆਂ ਲਈ ਪ੍ਰੇਰਨਾ ਸਰੋਤ ਬਨਣ।

* ਹਫ਼ਤੇ ਵਿਚ ਕੁਝ ਦਿਨ ਪਰਿਵਾਰਕ ਤੌਰ 'ਤੇ ਸਾਂਝੀਆਂ ਗਤੀਵਿਧੀਆਂ ਕਰਨ ਦੀ ਕੋਸ਼ਿਸ਼ ਕਰੋ ਜਿਵੇਂ : ਕਿਸੇ ਪਾਰਕ ਵਿਚ ਜਾ ਕੇ ਪਰਿਵਾਰ ਸਮੇਤ ਕ੍ਰਿਕਟ, ਫੁਟਬਾਲ ਆਦਿ ਦੀ ਖੇਡ ਖੇਡਣਾ।

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

**ਚੁੱਪ ਰਹਿਣ ਇਕ ਸਾਧਨਾ ਹੈ, ਤਪੱਸਿਆ ਹੈ, ਪਰ ਸੋਚ ਸਮਝ ਕੇ ਬੋਲਣਾ ਇਕ ਕਲਾ ਹੈ।**

# ਕਾਵਿ-ਕਿਆਰੀ

## ਸ਼ਬਦਾਂ ਦੇ ਸੂਰਜ / ਕਿੱਧਰ ਗਏ

**ਸੁਰਿੰਦਰ ਮਕਸੂਦਪੁਰੀ**



ਸੁੰਨਸਾਨ ਜੇਹੀ ਕਾਇਨਾਤ ਵਿਚ
ਸੋਗੀ ਜੇਹੀ ਪਰਭਾਤ ਵਿਚ
ਗੱਲਾਂ ਫੁੱਲਾਂ/ਬੂਟਿਆਂ/ਬਿਰਖਾਂ ਸੰਗ
ਮੈਂ ਕਰਦਾ ਰਿਹਾ
ਉਡੀਕਦਾ ਰਿਹਾ ਸੰਗ-ਸਾਥ ਨੂੰ
ਮਹਿਕਾਂ ਦਾ ਹੁੰਗਾਰਾ ਭਰਦਾ ਰਿਹਾ

ਪੁੱਛਦਾ ਰਿਹਾ ਮੁੜ-ਮੁੜ ਮੈਂ
ਐ ਫੁੱਲੋ, ਐ ਪੱਤਿਓ, ਐ ਟਾਹਣੀਓ
ਚਹੁੰ ਪਾਸੀਂ ਕਿਉਂ ਛਾਈ ਚੁੱਪ-ਚਾਂਅ ਹੈ
ਦੱਸੋ ਖਾਂ ਭਲਾ ਐ ਬਿਰਖ ਜੀ
ਅੱਜ ਤਪਦੀ ਕਿਉਂ ਠੰਢੜੀ ਛਾਂ ਹੈ
ਹਰ ਹੋਂਠ 'ਤੇ ਤਾਲਾ ਲੱਗਿਆ ਏ
ਬਣੇ ਪਾਰਕ ਵੀ ਨੇ ਸ਼ਮਸ਼ਾਨ ਜੇਹੇ
ਸ਼ਹਿਰ ਦੇ ਬਸ਼ਿੰਦੇ ਕਿੱਧਰ ਗਏ ?

ਸਹਿਕਦੇ ਨੇ ਬੋਟ ਭੁੱਖੇ ਆਲ੍ਹਣੀ
ਤੜਫਦੇ/ਵਿਲਕਦੇ ਕੁਰਲਾ ਰਹੇ
